ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 223
Daily Newspaper Thursday, November 22, 2018
Tel: 905-793-2202 Fax: 905-793-2282 news@punjabipost.ca

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

## ਸੁਰੱਖਿਅਤ ਕੈਨੇਡਾ ਲਈ ਸ਼ੀਅਰ ਵੱਲੋਂ ਨਵੀਂ ਯੋਜਨਾ ਪੇਸ਼

# ਮੁਜ਼ਰਮਾਂ ਨੂੰ ਨਿਸ਼ਾਨਾ ਬਣਾਇਆ ਜਾਵੇ, ਬੇਕਸੂਰਾਂ ਨੂੰ ਨਹੀਂ

ਓਟਵਾ, 21 ਨਵੰਬਰ (ਪੋਸਟ ਬਿਊਰੋ) : ਮੁਜਰਮ ਗੰਨਜ਼ ਸਬੰਧੀ ਕਾਨੂੰਨ ਨੂੰ ਨਹੀਂ ਮੰਨਦੇ ਤੇ ਕਾਨੂੰਨ ਦਾ ਪਾਲਣ ਕਰਨ ਵਾਲੇ ਗੰਨ ਮਾਲਕ ਮੁਜਰਮ ਨਹੀਂ ਹਨ। ਗੰਨਜ਼ ਪ੍ਰਤੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਇਹ ਪਹੁੰਚ ਫੇਲ੍ਹ ਹੋ ਚੁੱਕੀ ਹੈ ਤੇ ਇਹ ਅਸਲ ਸਮੱਸਿਆ ਨੂੰ ਸਮਝਣ ਵਿੱਚ ਅਸਫਲ ਰਹੀ ਹੈ। ਇਸ ਅਸਫਲਤਾ ਦੇ ਮਾੜੇ ਸਿੱਟੇ ਵੀ ਨਿਕਲ ਸਕਦੇ ਹਨ। ਨਵ ਨਿਯੁਕਤ ਆਰਸੀਐਮਪੀ ਕਮਿਸ਼ਨਰ ਸਹਿਤ ਮਾਹਿਰਾਂ ਦਾ ਕਹਿਣਾ ਹੈ ਕਿ ਹੈਂਡਗੰਨ ਉੱਤੇ ਪਾਬੰਦੀ ਲਾਉਣ ਨਾਲ ਗੰਨ ਹਿੰਸਾ ਰੁਕਣ ਵਾਲੀ ਨਹੀਂ ਹੈ ਤੇ ਇਸ ਨਾਲ ਕਾਨੂੰਨ ਦੀ ਪਾਲਣਾ ਕਰਕੇ ਹਥਿਆਰ ਰੱਖਣ ਵਾਲਿਆਂ ਵਿੱਚੋਂ ਮੁਜਰਮ ਹੀ ਪੈਦਾ ਹੋਣਗੇ।



ਕੈਨੇਡਾ ਵਿੱਚ ਗੰਨ ਕ੍ਰਾਈਮ ਵਿੱਚੋਂ ਬਹੁਤਾ ਅਜਿਹੇ ਹਥਿਆਰਾਂ ਦੀ ਬਦੌਲਤ ਫੈਲ ਰਿਹਾ ਹੈ ਜਿਹੜੇ ਹਥਿਆਰ ਕੈਨੇਡਾ ਵਿੱਚ ਗੈਰਕਾਨੂੰਨੀ ਤੌਰ ਉੱਤੇ ਸਮਗਲ ਕੀਤੇ ਗਏ ਹਨ। 20 ਨਵੰਬਰ ਨੂੰ ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡਰਿਊ ਸ਼ੀਅਰ ਨੇ ਆਪਣੀ ਨੀਤੀਗਤ ਯੋਜਨਾ ਵਿੱਚ ਤਿੰਨਾਂ ਵਿੱਚੋਂ ਦੂਜੇ ਥੰਮ੍ਹ ਸੇਫਰ ਕੈਨੇਡਾ: ਗੰਨ ਲਾਅਜ਼ ਦੈਟ ਟਾਰਗੈਟ ਕ੍ਰਿਮੀਨਲਜ਼ ਦਾ ਐਲਾਨ ਕੀਤਾ। ਐਂਡਰਿਊ ਸ਼ੀਅਰ ਤੇ ਕੰਜ਼ਰਵੇਟਿਵਾਂ ਵੱਲੋਂ ਇਹ ਤਹੱਈਆ ਪ੍ਰਗਟਾਇਆ ਗਿਆ ਹੈ ਕਿ ਜੋ ਕੋਈ ਵੀ ਸਮਗਲ ਕੀਤੀ ਗਈ ਗੰਨ ਦੇ ਨਾਲ ਮਿਲਦਾ ਹੈ ਉਹ ਸਿੱਧਾ ਜੇਲ੍ਹ ਜਾਵੇਗਾ। ਹਥਿਆਰਾਂ ਸਬੰਧੀ ਸਾਡਾ ਕਾਨੂੰਨ ਇਹ ਯਕੀਨੀ ਬਣਾਵੇਗਾ ਕਿ ਇਹ ਹਥਿਆਰ ਗਲਤ ਹੱਥਾਂ ਵਿੱਚ ਨਾ ਜਾਣ। ਜਿਸ ਤੋਂ ਭਾਵ ਹੈ ਕਿ ਮੁਜਰਮਾਂ ਨੂੰ ਨਿਸ਼ਾਨਾ ਬਣਾਉਣ ਦੀ ਲੋੜ ਹੈ ਸ਼ਿਕਾਰੀਆਂ ਤੇ ਖੇਡਾਂ ਨਾਲ ਜੁੜੇ ਸ਼ੂਟਰਜ਼ ਨੂੰ ਨਹੀਂ।

ਐਂਡਰਿਊ ਸ਼ੀਅਰ ਦੀ ਯੋਜਨਾ ਵਿੱਚ ਹੇਠ ਲਿਖੇ ਪ੍ਰਸਤਾਵ ਹਨ :

1. ਸਮਗਲ ਕੀਤੀ ਗਈ ਗੰਨ ਰੱਖਣ ਲਈ ਕੈਦ : ਵੱਡੀ ਪੱਧਰ ਉੱਤੇ ਗੰਨਜ਼ ਨਾਲ ਜੁੜੇ ਜੁਰਮ ਗੈਰਕਾਨੂੰਨੀ ਤੌਰ ਉੱਤੇ ਹਾਸਲ ਕੀਤੇ ਗਏ ਹਥਿਆਰਾਂ ਨਾਲ ਹੁੰਦੇ ਹਨ। ਗੈਰਕਾਨੂੰਨੀ ਤੌਰ ਉੱਤੇ ਦੇਸ਼ ਵਿੱਚ ਸਮਗਲ ਕੀਤੇ ਜਾਣ ਵਾਲੇ ਹਥਿਆਰਾਂ ਕਾਰਨ ਹੀ ਇਸ ਤਰ੍ਹਾਂ ਦੇ ਜੁਰਮ ਦੀ ਤਾਦਾਦ ਵਧੀ ਹੈ। ਕੈਨੇਡਾ ਵਿੱਚ ਸਮਗਲ ਕੀਤੇ ਗਏ ਹਥਿਆਰ ਨੂੰ ਕੋਈ ਵਿਅਕਤੀ ਆਪਣੇ ਕੋਲ ਰੱਖੇ ਇਸ ਦਾ ਕੋਈ ਜਾਇਜ਼ ਕਾਰਨ ਨਹੀਂ ਹੋ ਸਕਦਾ। ਇਸੇ ਲਈ ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਕੋਈ ਵੀ ਵਿਅਕਤੀ ਜਿਸ ਨੂੰ ਪਤਾ ਹੈ ਕਿ ਉਸ ਕੋਲ ਸਮਗਲ ਕੀਤਾ ਗਿਆ ਹਥਿਆਰ ਹੈ ਉਹ ਜੇਲ੍ਹ ਜਾਵੇਗਾ।

2. ਹਥਿਆਰਾਂ ਦੀ ਥੋਕ ਖਰੀਦ ਨਾਲ ਨਜਿੱਠਣਾ : ਕਾਨੂੰਨ ਲਾਗੂ ਕਰਨ ਵਾਲਿਆਂ ਤੇ ਮਿਉਂਸਪਲ ਆਗੂਆਂ ਵੱਲੋਂ ਗੈਰਕਾਨੂੰਨੀ ਹਥਿਆਰ ਖਰੀਦਣ ਤੇ ਇਹ ਹਥਿਆਰ ਮੁਜਰਮਾਂ ਦੇ ਹੱਥ ਲੱਗਣ ਦੇ ਮਾਮਲੇ ਉੱਤੇ ਚਿੰਤਾ ਪ੍ਰਗਟਾਈ ਗਈ ਹੈ। ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਜੋ ਕੋਈ ਵੀ ਇਸ ਤਰ੍ਹਾਂ ਕਰਦਾ ਪਾਇਆ ਗਿਆ ਉਸ ਉੱਤੇ ਕੈਦ ਦੇ ਨਾਲ ਨਾਲ ਜ਼ਿੰਦਗੀ ਭਰ ਹਥਿਆਰ ਰੱਖਣ ਉੱਤੇ ਪਾਬੰਦੀ ਲੱਗ ਜਾਵੇਗੀ। ...ਬਾਕੀ ਪੰਨਾ 6 'ਤੇ

## ਸਿੱਖ ਸਪਿਰਚੁਅਲ ਸੈਂਟਰ ਵਿਖੇ ਆਖੰਡ ਪਾਠ ਦੇ ਆਰੰਭ

### ਪੀਟੀਐਨ ਕਰੇਗਾ ਲਾਈਵ ਟੈਲੀਕਾਸਟ, ਸ਼ੁੱਕਰਵਾਰ ਸ਼ਾਮ ਨੂੰ ਹੋਵੇਗੀ ਆਤਿਸ਼ਬਾਜ਼ੀ

ਗੁਰਦੁਆਰਾ ਸਿੱਖ ਸਪਿਰਚੁਅਲ ਸੈਂਟਰ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਦੇ ਚਲਦੇ ਸ਼੍ਰੀ ਅਖੰਡ ਪਾਠ ਸਾਹਿਬ ਦਾ ਆਰੰਭ ਕੱਲ੍ਹ ਸਵੇਰੇ 9 ਵਜੇ ਤੋਂ ਕਰਵਾਇਆ ਗਿਆ। ਇਸ ਅਖੰਡ ਪਾਠ ਸਾਹਿਬ ਦੇ ਭੋਗ 23 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਭੋਗ ਉਪਰੰਤ ਨਿਸ਼ਾਨ ਸਾਹਿਬ ਦੇ ਚੋਲੇ ਵੀ ਬਦਲੇ ਜਾਣਗੇ। ਸਵੇਰੇ 10 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਣਗੇ ਤੇ ਉਪਰੰਤ ਢਾਡੀ, ਕਵਿਸ਼ਰ ਤੇ ਕਥਾਵਾਚਕ ਸਿੱਖ ਇਤਿਹਾਸ ਨਾਲ ਜੋੜ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਦੇ ਨਾਲ ਹੀ ਗੁਰਮਤਿ ਸਮਾਗਮ ਤੇ ਨਾਮ ਸਿਮਰਨ ਸ਼ਾਮ 7 ਤੋਂ ਲੈ ਕੇ ਰਾਤ 8 ਵਜੇ ਤੱਕ ਚੱਲੇਗਾ। ਇਸ ਤੋਂ ਇਲਾਵਾ ਰਾਤ 8:45 ਉਤੇ ਆਤਿਸ਼ਬਾਜ਼ੀ ਵੀ ਕੀਤੀ ਜਾਵੇਗੀ। ਇਸ ਸਾਰੇ ਪ੍ਰੋਗਰਾਮ ਦਾ ਲਾਈਵ ਟੈਲੀਕਾਸਟ ਪੀਟੀਐਨ 24 ਟੀਵੀ ਚੈਨਲ ਉਤੇ ਦਿਖਾਇਆ ਜਾਵੇਗਾ। ਇਸ ਤੋਂ ਇਲਾਵਾ ਤੁਸੀ ਚੈਨਲ ਦੇ ਫੇਸਬੁਕ ਤੇ ਯੂ ਟਿਊਬ ਅਕਾਊਟ ਉਤੇ ਵੀ ਇਸ ਪ੍ਰੋਗਰਾਮ ਦਾ ਲਾਈਵ ਟੈਲੀਕਾਸਟ ਦੇਖ ਸਕਦੇ ਹੋ। ਵਧੇਰੇ ਜਾਣਕਾਰੀ ਲਈ 416-756-6666 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਰੈਂਪਟਨ ਸਿਟੀ ਕਾਉਂਸਲ ਦੀ ਇਨਾਗਰੇਸ਼ਨ 3 ਨੂੰ

ਬਰੈਂਪਟਨ, 21 ਨਵੰਬਰ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ ਸੋਮਵਾਰ 3 ਦਸੰਬਰ ਨੂੰ ਕਾਉਂਸਲ ਦੀ ਇਨਾਗਰੇਸ਼ਨ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਪ੍ਰੋਗਰਾਮ ਰੋਜ਼ ਥਿਏਟਰ, 1 ਥਿਏਟਰ ਲੇਨ ਵਿਖੇ ਰਾਤੀਂ 8:00 ਵਜੇ ਕਰਵਾਇਆ ਜਾਵੇਗਾ। ਇਸ ਮੌਕੇ ਨਵੇਂ ਕਾਉਂਸਲ ਮੈਂਬਰ ਰਸਮੀ ਤੌਰ ਉੱਤੇ 2018-2022 ਦੇ ਕਾਰਜਕਾਲ ਲਈ ਸੰਹੁ ਚੁੱਕਣਗੇ। ਕਾਉਂਸਲ ਦੇ ਇਨਾਗਰੇਸ਼ਨ ਸਬੰਧੀ ਸਮਾਰੋਹ ਨੂੰ ਸਿਟੀ ਦੀ ਵੈੱਬਸਾਈਟ ਉੱਤੇ ਵਿਖਾਇਆ ਜਾਵੇਗਾ ਤੇ ਇਸ ਦੇ ਨਾਲ ਹੀ ਗਾਰਡਨ ਸਕੁਏਅਰ (ਰੋਜ਼ ਥਿਏਟਰ ਦੇ ਬਾਹਰ) ਉੱਤੇ ਵੱਡੀ ਐਲਈਡੀ ਸਕਰੀਨ ਉੱਤੇ ਵਿਖਾਇਆ ਜਾਵੇਗਾ। ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕੰਜ਼ਰਵੇਟਰੀ, ਸਿਟੀ ਹਾਲ ਦੀ ਹੇਠਲੀ ਮੰਜ਼ਿਲ, 2 ਵੈਲਿੰਗਟਨ ਸਟਰੀਟ ਵੈਸਟ ਉੱਤੇ ਵੀ ਕੀਤਾ ਜਾਵੇਗਾ। ਸਿਟੀ ਹਾਲ ਵਿੱਚ ਅੰਡਰਗ੍ਰਾਊਂਡ ਪਾਰਕਿੰਗ ਵੀ ਹੈ। ਇਸ ਤੋਂ ਇਲਾਵਾ ਡਾਊਨਟਾਊਨ ਵਿੱਚ ਵੀ ਵਾਧੂ ਪਾਰਕਿੰਗ ਦੀ ਥਾਂ ਹੈ।

# ਨਿਰੰਕਾਰੀ ਭਵਨ ਉਤੇ ਗ੍ਰਨੇਡ ਹਮਲੇ ਦਾ ਇੱਕ ਦੋਸ਼ੀ ਗ੍ਰਿਫਤਾਰ, ਦੂਜੇ ਦੀ ਪਛਾਣ

ਚੰਡੀਗੜ੍ਹ, 21 ਨਵੰਬਰ, (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਰਾਜਾਸਾਂਸੀ ਦੀ ਅਦਲੀਵਾਲ ਰੋਡ ਵਾਲੇ ਨਿਰੰਕਾਰੀ ਸਤਿਸੰਗ ਭਵਨ 'ਤੇ ਗ੍ਰਨੇਡ ਹਮਲਾ ਕਰਨ ਵਾਲੇ ਦੋ ਹਮਲਾਵਰਾਂ ਵਿੱਚੋਂ ਇੱਕ ਨੂੰ ਗ੍ਰਿਫ਼ਤਾਰ ਕਰਨ ਦੀ ਸਫ਼ਲਤਾ ਪੰਜਾਬ ਪੁਲੀਸ ਨੇ 72 ਘੰਟੇ ਤੋਂ ਘੱਟ ਸਮੇਂ ਵਿੱਚ ਹਾਸਲ ਕਰ ਲਈ ਹੈ। ਹਮਲਾਵਰਾਂ ਦੀਆਂ ਤਾਰਾਂ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ ਐਸ ਆਈ ਨਾਲ ਜੁੜੀਆਂ ਦੱਸੀਆਂ ਗਈਆਂ ਹਨ, ਜਿਹੜੀ ਪੰਜਾਬ ਅਤੇ ਦੇਸ਼ ਦੀ ਸਰਹੱਦ ਨਾਲ ਲਗਦੇ ਹੋਰ ਰਾਜਾਂ ਵਿਚ ਗੜਬੜ ਕਰਾਉਣਾ ਚਾਹੁੰਦੀ ਹੈ। ਪੁਲੀਸ ਦੇ



ਮੁਤਾਬਕ ਹਮਲੇ ਪਿੱਛੇ ਪਾਕਿਸਤਾਨ 'ਚ ਬੈਠੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ ਐਲ ਐਫ) ਦੇ ਮੁਖੀ ਹਰਮੀਤ ਸਿੰਘ ਹੈਪੀ ਉਰਫ਼ ਪੀ ਐਚ ਡੀ ਦਾ ਹੱਥ ਦੱਸਿਆ ਗਿਆ ਹੈ।

ਅੱਜ ਏਥੇ ਪ੍ਰੈੱਸ ਕਾਨਫਰੰਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਧਾਰੀਵਾਲ (ਰਾਜਾਸਾਂਸੀ) ਦੇ ਬਿਕਰਮਜੀਤ ਸਿੰਘ ਉਰਫ਼ ਬਿਕਰਮ (26 ਸਾਲ) ਨੂੰ ਅੱਜ ਸਵੇਰੇ ਪਿੰਡ ਲੋਹਾਰਕਾ ਨੇੜੇ ਫੜਿਆ ਗਿਆ ਹੈ। ਉਸ ਦਾ ਸਬੰਧ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ ਐਲ ਐਫ) ਨਾਲ ਹੈ ਅਤੇ ਉਸ ਨੇ ਪੁੱਛ-ਗਿੱਛ ਦੌਰਾਨ ਪੁਲਸ ਨੂੰ ਦੱਸਿਆ ਹੈ ਕਿ ਉਸ ਨੂੰ ਗ੍ਰਨੇਡ ਹਰਮੀਤ ਸਿੰਘ ਨੇ ਹਾਸਲ ਕਰਾਇਆ ਸੀ।

...ਬਾਕੀ ਪੰਨਾ 4 'ਤੇ

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX Insurance Brokers Ltd. Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axael Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration • Real Estate
Family Law • Business Closing
Corporate • Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Ltd.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ASIAN FOOD CENTRE





SERVING FROM 10 LOCATIONS
IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109





chatr MOBILE

BLACK FRIDAY SALE NOV 23!







ZTE Z828
~~$80~~ $59.99**
**WHEN YOU ACTIVATE AN AUTO-PAY PLAN

NO TERM CONTRACTS
NO CREDIT CHECKS
DATA, TALK & TEXT
$40/MO.*

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON

2456 Lake Shore Blvd W., Etobicoke, ON

chatr AUTHORIZED DEALER

*Taxes extra. Offer subject to change without notice. Get 2GB of data at 3G speed up to 3Mbps. Once you reach your 3G speed data allotment, your data speed will be reduced until your next anniversary date. Valid at participating location(s) above and subject to change without notice. **Offer valid only at the above participating location(s) and subject to change without notice. Only applicable to new activations with the sign-up of pre-authorized payments with Auto-pay. Taxes are extra and while quantities last. ™ Trademarks used under license. ©2018

## ਅੱਜ ਨਾਮਾ

ਸੁਸ਼ਮਾ ਬੀਬੀ ਇਹ ਕੱਲ੍ਹ ਐਲਾਨ ਕੀਤਾ,
ਅਗਲੇ ਸਾਲ ਨਹੀਂ ਲੜਾਂਗੀ ਚੋਣ ਭਾਈ।
ਓਦੋਂ ਬੀਬੀ ਨੇ ਏਦਾਂ ਇਨਕਾਰ ਕਰਿਆ,
ਟਿਕਟ ਲੈਣ ਲਈ ਲੋਕ ਜਦ ਰੋਣ ਭਾਈ।
ਕੋਈ ਆਖੇ ਨਹੀਂ ਲੋੜ ਵਜ਼ੀਰੀਆਂ ਦੀ,
ਵਿਗੜੇ ਦੇਸ਼ ਦਾ ਧੋਣਾ ਈ ਧੋਣ ਭਾਈ।
ਕਰਨਾ ਖਰਚ ਆ ਥੈਲੀਆਂ ਵਾਲਿਆਂ ਨੇ,
ਲੱਗਾ ਪੱਲੇ ਤੋਂ ਖਰਚ ਨਹੀਂ ਹੋਣ ਭਾਈ।
ਕਿਹਾ ਬੀਬੀ ਦਾ ਬੇਸ਼ੱਕ ਤਿਆਗ ਜਾਪੇ,
ਵਿਚਲੀ ਗੱਲ ਤਾਂ ਸੁਣੀ ਹੈ ਹੋਰ ਭਾਈ।
ਮੋਦੀ ਦੇਣ ਲਈ ਟਿਕਟ ਨਾ ਹਾਂ ਆਖੀ,
ਤਦ ਹੀ ਛੱਡ'ਤੀ ਆਪ ਹੈ ਡੋਰ ਭਾਈ।

ਤੀਸ ਮਾਰ ਖਾਂ

# ਬਰਗਾੜੀ ਬੇਅਦਬੀ ਕਾਂਡ ਨਾਲ ਜੁੜੇ ਮੁੱਦਿਆਂ ਉੱਤੇ ਅਕਸ਼ੈ ਕੁਮਾਰ ਤੋਂ ਦੋ ਘੰਟੇ ਪੁੱਛ-ਗਿੱਛ



ਚੰਡੀਗੜ੍ਹ, 21 ਨਵੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਤਿੰਨ ਸਾਲ ਪੁਰਾਣੇ ਬਰਗਾੜੀ ਬੇਅਦਬੀ ਕਾਂਡ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਸਿੱਟ) ਦੇ ਸਵਾਲਾਂ ਦਾ ਜਵਾਬ ਦੇਣ ਲਈ ਫਿਲਮ ਜਗਤ ਵਿੱਚ 'ਖਿਲਾੜੀਉਂ ਕੇ ਖਿਲਾੜੀ' ਕਹੇ ਜਾਂਦੇ ਅਭਿਨੇਤਾ ਅਕਸ਼ੈ ਕੁਮਾਰ ਅੱਜ ਏਥੇ ਜਾਂਚ ਲਈ ਪੇਸ਼ ਹੋਏ। ਬੌਲੀਵੁੱਡ ਦੀਆਂ ਕਈ ਫਿਲਮਾਂ ਵਿੱਚ ਅਕਸ਼ੈ ਕੁਮਾਰ ਪੁਲੀਸ ਅਫ਼ਸਰ ਤੇ ਸਿੱਖ ਨੌਜਵਾਨ ਦਾ ਕਿਰਦਾਰ ਨਿਭਾ ਚੁੱਕੇ ਹਨ ਤੇ ਅੱਜ ਕੱਲ੍ਹ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਨਾਲ ਮੁਲਾਕਾਤ ਦੇ ਸਬੰਧ ਵਿੱਚ ਚਰਚਾ ਵਿੱਚ ਹਨ।

ਵਿਸ਼ੇਸ਼ ਜਾਂਚ ਟੀਮ (ਸਿੱਟ) ਵੱਲੋਂ ਸੰਮਣ ਕੀਤੇ ਜਾਣ ਪਿੱਛੋਂ ਅਕਸ਼ੈ ਕੁਮਾਰ ਅੱਜ ਪੁਲੀਸ ਦੀ ਜਾਂਚ ਟੀਮ ਸਾਹਮਣੇ ਪਹਿਲੀ ਵਾਰ ਗਵਾਹ ਵਜੋਂ ਪੇਸ਼ ਹੋਏ। ਪੁਲੀਸ ਸੂਤਰਾਂ ਮੁਤਾਬਕ ਸਿੱਟ ਦੇ ਮੈਂਬਰਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਅਕਸ਼ੈ ਕੁਮਾਰ ਪੂਰੇ ਆਤਮ ਵਿਸ਼ਵਾਸ ਨਾਲ ਦੇਂਦਾ ਰਿਹਾ, ਪਰ ਉਹ ਅਣ-ਸੁਖਾਵਾਂ ਮਹਿਸੂਸ ਕਰ ਰਿਹਾ ਸੀ। ਸਵੇਰੇ ਕਰੀਬ ਸਾਢੇ ਨੌਂ ਵਜੇ ਆਏ ਅਕਸ਼ੈ ਕੁਮਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਸੰਤਪਾਲ ਸਿੰਘ ਸਿੱਧੂ ਦੀਆਂ ਸੇਵਾਵਾਂ ਲਈਆਂ, ਪਰ ਸਿੱਟ ਦੇ ਸਾਹਮਣੇ ਇਕੱਲੇ ਪੇਸ਼ ਹੋਏ। ਵਕੀਲ ਸੰਤਪਾਲ ਸਿੰਘ ਸਿੱਧੂ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਵਿੱਚ ਨਾਮਜ਼ਦ ਐੱਸ ਐੱਸ ਪੀ ਚਰਨਜੀਤ ਸ਼ਰਮਾ ਅਤੇ ਹੋਰ ਪੁਲੀਸ ਅਫਸਰਾਂ ਦੇ ਕੇਸਾਂ ਲਈ ਵੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪੈਰਵੀ ਕਰ ਰਹੇ ਹਨ।

ਅੱਜ ਦੀ ਜਾਂਚ ਕਾਰਵਾਈ ਪੂਰੀ ਹੋਣ ਪਿੱਛੋਂ ਅਕਸ਼ੈ ਕੁਮਾਰ ਸਾਢੇ 11 ਵਜੇ ਦੇ ਕਰੀਬ ਪੁਲੀਸ ਹੈੱਡਕੁਆਰਟਰ ਦੇ ਪਿਛਲੇ ਦਰਵਾਜ਼ੇ ਤੋਂ ਪੱਤਰਕਾਰਾਂ ਨੂੰ ਝਕਾਨੀ ਦੇ ਕੇ ਨਿਕਲ ਗਏ। ਉਹ ਮੁੰਬਈ ਤੋਂ ਚਾਰਟਰਡ ਜਹਾਜ਼ ਰਾਹੀਂ ਏਥੇ ਆਏ ਸਨ। ਪੁਲੀਸ ਸੂਤਰਾਂ ਮੁਤਾ-ਬਕ ਉਨ੍ਹਾਂ ਤੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੀਟਿੰਗ ਕਰਾਉਣ ਬਾਰੇ ਪੁੱਛਿਆ ਗਿਆ। ਅਕਸ਼ੈ ਕੁਮਾਰ ਨੇ ਪੁਲੀਸ ਟੀਮ ਨੂੰ ਕਿਹਾ ਕਿ ਡੇਰਾ ਮੁਖੀ ਨੂੰ ਉਹ ਅੱਜ ਤੱਕ ਮਿਲਿਆ ਨਹੀਂ ਤੇ ਸੁਖਬੀਰ ਸਿੰਘ ਬਾਦਲ ਨਾਲ ਪੰਜਾਬ ਤੋਂ ਬਾਹਰ ਕਦੇ ਮੁਲਾਕਾਤ ਨਹੀਂ ਹੋਈ। ਸਿੱਟ ਵਿਚਲੇ ਅਫਸਰਾਂ ਨੇ ਪੁੱਛ-ਗਿੱਛ ਬਾਰੇ ਕਿਹਾ ਕਿ ਜਾਂਚ ਪੂਰੀ ਹੋਣ ਤਕ ਕੁਝ ਨਹੀਂ ਦੱਸਿਆ ਜਾ ਸਕਦਾ। ਜਾਣਕਾਰ ਸੂਤਰਾਂ ਮੁਤਾਬ ਪੁਲੀਸ ਟੀਮ ਨੇ ਤਿੰਨ ਦਰਜਨ ਦੇ ਕਰੀਬ ਸਵਾਲ ਪੁੱਛ ਕੇ ਅਕਸ਼ੈ ਕੁਮਾਰ ਨੂੰ ਘੇਰਨ ਦਾ ਯਤਨ ਕੀਤਾ।

ਇਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਤੋਂ ਸਿੱਟ ਵੱਲੋਂ ਪੁੱਛ-ਗਿੱਛ ਕੀਤੀ ਜਾ ਚੁੱਕੀ ਹੈ ਅਤੇ ਸਾਬਕਾ ਪੁਲੀਸ ਮੁਖੀ ਸੁਮੇਧ ਸਿੰਘ ਸੈਣੀ ਤੇ ਮੁੱਖ ਮੰਤਰੀ ਦਫ਼ਤਰ ਵਿੱਚ ਤਾਇਨਾਤ ਰਹੇ ਆਈ ਏ ਐਸ ਅਫਸਰਾਂ ਨੂੰ ਸੰਮਣ ਕਰਨ ਦੇ ਆਸਾਰ ਹਨ। ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਹੇਠ ਬਣਾਏ ਜਾਂਚ ਕਮਿਸ਼ਨ ਦੀ ਰਿਪੋਰਟ ਵਿੱਚ ਅਕਸ਼ੈ ਕੁਮਾਰ ਦਾ ਨਾਮ ਉਭਰ ਕੇ ਆਇਆ ਸੀ। ਕਮਿਸ਼ਨ ਦੀ ਰਿਪੋਰਟ ਮੁਤਾਬਕ ਅਕਸ਼ੈ ਕੁਮਾਰ ਉੱਤੇ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਮੁਆਫ਼ੀ ਤੋਂ ਪਹਿਲਾਂ ਮੁੰਬਈ ਵਿੱਚ ਡੇਰਾ ਮੁਖੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚਾਲੇ ਮੀਟਿੰਗ ਕਰਾਉਣ ਦੇ ਦੋਸ਼ ਹਨ। ਅਕਸ਼ੈ ਕੁਮਾਰ ਦੇ ਵਕੀਲ ਸੰਤਪਾਲ ਸਿੰਘ ਸਿੱਧੂ ਨੇ ਕਿਹਾ ਕਿ ਫਿਲਮ ਸਟਾਰ ਗਵਾਹ ਵਜੋਂ ਆਏ ਸਨ, ਉਨ੍ਹਾਂ ਨੂੰ ਦੋਸ਼ੀ ਨਹੀਂ ਕਿਹਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਕਸ਼ੈ ਕੁਮਾਰ ਪੰਜਾਬ ਦੇ ਮਾਹੌਲ ਤੋਂ ਫਿਕਰਮੰਦ ਹਨ ਤੇ ਉਨ੍ਹਾਂ ਨੇ ਪੁਲੀਸ ਦੇ ਸਵਾਲਾਂ ਦੇ ਸਾਰੇ ਜਵਾਬ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਕਸ਼ੈ ਕੁਮਾਰ ਨੂੰ ਜਿੰਦਾਂ ਸਵਾਲ ਪੁੱਛੇ ਗਏ, ਉਸ ਤੋਂ ਜਾਪਦਾ ਹੈ ਕਿ ਪੁਲੀਸ ਦੇ ਸਵਾਲ ਮਨਘੜਤ ਜਿਹੇ ਹਨ ਤੇ ਕੋਈ ਤੱਥ ਨਹੀਂ ਹਨ।

## ਗੈਰਕਾਨੂੰਨੀ ਮੈਰੀਜੁਆਨਾ ਸਟੋਰਜ਼ ਉੱਤੇ ਛਾਪੇ ਮਰਵਾਉਣ ਲਈ ਪੁਲਿਸ ਨੂੰ ਹੁਕਮ ਦੇਣਾ ਚਾਹੁੰਦੇ ਸਨ ਫਰੈਂਚ



ਓਨਟਾਰੀਓ, 21 ਨਵੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੇ ਚੀਫ ਆਫ ਸਟਾਫ ਵੱਲੋਂ ਸੀਨੀਅਰ ਸਿਆਸੀ ਸਹਾਇਕਾਂ ਨੂੰ ਇਹ ਹੁਕਮ ਦਿੱਤੇ ਗਏ ਸਨ ਕਿ ਉਹ ਪੁਲਿਸ ਨੂੰ ਨਿਰਦੇਸ਼ ਦੇਣ ਕਿ ਮੈਰੀਜੁਆਨਾ ਦੇ ਕਾਨੂੰਨੀ ਦਾਇਰੇ ਵਿੱਚ ਆਉਣ ਵਾਲੇ ਦਿਨ ਗੈਰਕਾਨੂੰਨੀ ਮੈਰੀਜੁਆਨਾ ਸਟੋਰਜ਼ ਉੱਤੇ ਛਾਪੇ ਮਾਰੇ ਜਾਣ ਤੇ ਲੋਕਾਂ ਦੇ ਹਥਕੜੀਆਂ ਲੱਗੀਆਂ ਵਿਖਾਈਆਂ ਜਾਣ।

17 ਅਕਤੂਬਰ ਦੀ ਸਵੇਰ ਨੂੰ ਦੋ ਕਾਨਫਰੰਸ ਕਾਲ ਵਿੱਚ ਫੋਰਡ ਦੇ ਗੈਰਚੁਣੇ ਹੋਏ ਸਿਆਸੀ ਸਹਾਇਕ ਡੀਨ ਫਰੈਂਚ ਨੇ ਉਕਤ ਗੱਲ ਆਖੀ, ਜਿਸ ਦਾ ਕਮਿਊਨਿਟੀ ਸੇਫਟੀ ਮੰਤਰਾਲੇ ਤੇ ਅਟਾਰਨੀ ਜਨਰਲ ਦੇ ਆਫਿਸ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ। ਅੰਦਰੂਨੀ ਮਾਮਲਿਆਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਅਸੀਂ ਕੋਈ ਪੁਲਿਸ ਸਟੇਟ ਨਹੀਂ ਹਾਂ। ਸਾਡੇ ਕੋਲ ਪੁਲਿਸ ਨੂੰ ਹੁਕਮ ਦੇਣ ਦਾ ਕੋਈ ਅਧਿਕਾਰ ਜਾਂ ਸਮਰੱਥਾ ਨਹੀਂ ਹੈ।

ਇੱਕ ਹੋਰ ਜਾਣਕਾਰ ਨੇ ਆਖਿਆ ਕਿ ਅਸੀਂ ਪੁੱਛਣ ਤੋਂ ਬਿਨਾਂ ਹੋਰ ਕੁੱਝ ਨਹੀਂ ਕਰ ਸਕਦੇ। ਪਰ ਡੀਨ ਨੂੰ ਉਮੀਦ ਸੀ ਕਿ ਸਾਨੂੰ ਪੁਲਿਸ ਨੂੰ ਇਹ ਹੁਕਮ ਦੇਣੇ ਚਾਹੀਦੇ ਸੀ ਤੇ ਉਹ ਉਸੇ ਤਰ੍ਹਾਂ ਹੀ ਕਰਦੇ। ਮੰਗਲਵਾਰ ਨੂੰ ਮੀਡੀਆ ਨੂੰ ਦਿੱਤੀ ਜਾਣਕਾਰੀ ਵਿੱਚ ਪ੍ਰੀਮੀਅਰ ਦੇ ਆਫਿਸ ਵੱਲੋਂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਗਿਆ ਕਿ ਫਰੈਂਚ ਨੇ ਇਸ ਤਰ੍ਹਾਂ ਦੀਆਂ ਹਦਾਇਤਾਂ ਦਿੱਤੀਆਂ ਸਨ ਤੇ ਇਹ ਵੀ ਆਖਿਆ ਸੀ ਕਿ ਸਰਕਾਰ ਦੀ ਤਰਜੀਹ ਕਮਿਊਨਿਟੀਜ਼, ਬੱਚਿਆਂ ਦੀ ਹਿਫਾਜ਼ਤ ਕਰਨਾ ਤੇ ਗੈਰਕਾਨੂੰਨੀ ਮਾਰਕਿਟ ਨੂੰ ਨੱਥ ਪਾਉਣਾ ਹੈ।

ਫੋਰਡ ਦੇ ਬੁਲਾਰੇ ਸਾਈਮਨ ਜੈਫਰੀਜ਼ ਨੇ ਆਖਿਆ ਕਿ ਇਸ ਦੌਰਾਨ ਹੀ ਗੈਰਕਾਨੂੰਨੀ ਡਿਸਪੈਂਸਰੀਆਂ ਨੂੰ ਬੰਦ ਕਰਨ ਦਾ ਵੀ ਇਰਾਦਾ ਸੀ। ਇਨ੍ਹਾਂ ਪ੍ਰਬੰਧਾਂ ਤੋਂ ਪੁਲਿਸ ਪੂਰੀ ਤਰ੍ਹਾਂ ਜਾਣੂ ਹੋਵੇ ਇਸ ਨੂੰ ਪੱਕਾ ਕਰਨ ਲਈ 17 ਅਕਤੂਬਰ ਨੂੰ ਸਾਰੇ ਪੁਲਿਸ ਮੁਖੀਆਂ ਨੂੰ ਤਤਕਾਲੀ ਕਮਿਊਨਿਟੀ ਸੇਫਟੀ ਮੰਤਰੀ ਮਾਈਕਲ ਟਿਬੋਲੋ ਵੱਲੋਂ ਮੀਮੋ ਭੇਜਿਆ ਗਿਆ। ਇਸ ਸਬੰਧ ਵਿੱਚ ਫਰੈਂਚ ਨਾਲ ਗੱਲ ਕਰਨ ਦੀ ਵਾਰੀ ਵਾਰੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ ਤੇ ਨਾ ਹੀ ਸਰਕਾਰ ਨੇ ਹੀ ਕਿਤੇ ਉਨ੍ਹਾਂ ਦਾ ਜ਼ਿਕਰ ਕੀਤਾ।

## ਕੈਨੇਡਾ ਪੋਸਟ ਦੀ ਹੜਤਾਲ ਖ਼ਤਮ ਕਰਨ ਲਈ ਫੈਡਰਲ ਸਰਕਾਰ ਪੇਸ਼ ਕਰੇਗੀ ਬਿੱਲ




ਓਟਵਾ, 20 ਨਵੰਬਰ (ਪੋਸਟ ਬਿਊਰੋ) : ਫੈਡਰਲ ਲੇਬਰ ਮੰਤਰੀ ਪੈਟੀ ਹਾਜਦੂ ਦਾ ਕਹਿਣਾ ਹੈ ਕਿ ਜੇ ਜਲਦ ਹੀ ਕੈਨੇਡਾ ਪੋਸਟ ਦੀ ਹੜਤਾਲ ਨੂੰ ਖ਼ਤਮ ਨਹੀਂ ਕੀਤਾ ਗਿਆ ਤਾਂ ਇਸ ਲਈ ਉਨ੍ਹਾਂ ਨੂੰ ਬਿੱਲ ਲਿਆਉਣਾ ਹੋਵੇਗਾ।

ਉਨ੍ਹਾਂ ਇੱਕ ਬਿਆਨ ਵਿੱਚ ਆਖਿਆ ਕਿ ਅਸੀਂ ਦੋਵਾਂ ਧਿਰਾਂ ਨੂੰ ਡੀਲ ਉੱਤੇ ਪਹੁੰਚਣ ਲਈ ਹੱਲਾਸ਼ੇਰੀ ਦੇ ਰਹੇ ਹਾਂ ਤੇ ਜੇ ਅਜਿਹਾ ਸੰਭਵ ਨਾ ਹੋ ਸਕਿਆ ਤਾਂ ਅਗਲੇ ਕੁੱਝ ਦਿਨਾਂ ਵਿੱਚ ਹੀ ਅਸੀਂ ਇਸ ਸਬੰਧ ਵਿੱਚ ਮਤਾ ਲਿਆਵਾਂਗੇ। ਅਸੀਂ ਇਸ ਮਾਮਲੇ ਨੂੰ ਹਲਕੇ ਵਿੱਚ ਨਹੀਂ ਲਵਾਂਗੇ। ਜ਼ਿਕਰਯੋਗ ਹੈ ਕਿ ਯੂਨੀਅਨ ਦੇ ਕਾਮਿਆਂ ਵੱਲੋਂ ਸਿਲਸਿਲੇਵਾਰ ਸ਼ੁਰੂ ਕੀਤੀ ਗਈ ਹੜਤਾਲ ਹੁਣ ਪੰਜਵੇਂ ਹਫਤੇ ਵਿੱਚ ਪਹੁੰਚ ਗਈ ਹੈ। ਪਰ ਦੋਵੇਂ ਧਿਰਾਂ ਕਿਸੇ ਵੀ ਡੀਲ ਉੱਤੇ ਅਜੇ ਤੱਕ ਨਹੀਂ ਪਹੁੰਚ ਸਕੀਆਂ ਹਨ। ਹਾਜਦੂ ਨੇ ਆਖਿਆ ਕਿ ਸਰਕਾਰ ਵੱਲੋਂ ਵੀ ਹਰ ਹੀਲਾ ਵਰਤ ਕੇ ਵੇਖ ਲਿਆ ਗਿਆ ਹੈ ਤੇ ਸਾਂਝੇ ਤੌਰ ਉੱਤੇ ਦੋਵਾਂ ਧਿਰਾਂ ਨਾਲ ਤੋਲਮੋਲ ਕੀਤਾ ਤੇ ਵਿਚੋਲੇ ਵੀ ਨਿਯੁਕਤ ਕੀਤੇ

ਪਰ ਇਹ ਮਾਮਲਾ ਕਿਸੇ ਤਣ-ਪੱਤਣ ਨਹੀਂ ਲੱਗ ਸਕਿਆ। ਦੋਵਾਂ ਧਿਰਾਂ ਨੇ ਆਪਣੀ ਅੜੀ ਨਹੀਂ ਛੱਡੀ। ਹੁਣ ਸਰਕਾਰ ਵੀ ਹਰ ਰਾਹ ਸੁਝਾਉਣ ਤੋਂ ਬਾਅਦ ਹੰਭ ਚੁੱਕੀ ਹੈ। ਸਾਰਿਆਂ ਲਈ ਇਹ ਵੀ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਤਿਉਹਾਰਾਂ ਦੇ ਦਿਨ ਹੋਣ ਕਾਰਨ ਪੈਕੇਜਿਜ਼ ਵਿੱਚ ਹੋਣ ਵਾਲੀ ਡਲਿਵਰੀ ਵਿੱਚ ਦੇਰ ਕਾਰਨ ਲੋਕਾਂ ਨੂੰ ਪਤਾ ਨਹੀਂ ਹੋਰ ਕਿੰਨੀ ਦੇਰ ਤੰਗ ਹੋਣਾ ਹੋਵੇਗਾ।

## ਧੀ ਨੇ ਹੀ ਮਰਵਾ ਛੱਡਿਆ ਚੰਦੇਲ ਵੰਸ਼ ਦਾ ਰਾਜ ਪਰਵਾਰ





ਪੰਚਕੂਲਾ, 21 ਨਵੰਬਰ (ਪੋਸਟ ਬਿਊਰੋ)- ਜ਼ਿਲਾ ਪੰਚਕੂਲਾ ਦੇ ਪਿੰਡ ਖਟੌਲੀ ਵਿਚਲੇ ਚੰਦੇਲ ਰਾਜ ਪਰਵਾਰ ਦੀ ਬਜ਼ੁਰਗ ਮਹਿਲਾ ਰਾਜਬਾਲਾ, ਉਨ੍ਹਾਂ ਦੇ ਦੋ ਪੋਤਿਆਂ ਅਤੇ ਇਕ ਪੋਤੀ ਦੀ ਹੱਤਿਆ ਧੀ ਲਵਲੀ ਨੇ ਕਰਵਾਈ ਸੀ। ਇਸ ਪਰਵਾਰ 'ਚ ਇਨ੍ਹਾਂ ਕਤਲਾਂ ਦੇ ਬਾਅਦ ਸਿਰਫ ਰਾਜਬਾਲਾ ਦੀ ਸਭ ਤੋਂ ਛੋਟੀ ਪੋਤੀ ਦਸ ਸਾਲ ਦੀ ਸ਼ੈਲੀ ਬਚੀ ਹੈ, ਜਿਹੜੀ ਉਸ ਦਿਨ ਆਪਣੀ ਦੂਜੀ ਭੂਆ ਅੰਜਨਾ ਦੇ ਘਰ ਚਲੀ ਗਈ ਸੀ।

ਇਸ ਅੰਨ੍ਹੇ ਕਤਲ ਕਾਂਡ ਦਾ ਭੇਦ ਪੰਚਕੂਲਾ ਪੁਲਸ ਨੇ ਆਖਰ ਨੂੰ ਲੱਭ ਲਿਆ ਹੈ। ਰਾਜਬਾਲਾ ਦੀਆਂ ਚਾਰ ਧੀਆਂ ਅੰਜਨਾ, ਲਵਲੀ, ਬੰਟੀ ਅਤੇ ਮੰਜੂ ਹਨ। ਚਾਰੇ ਵਿਆਹੀਆਂ ਹਨ। ਲਵਲੀ ਤੇ ਬੰਟੀ ਦਾ ਵਿਆਹ ਇਕੋ ਘਰ 'ਚ ਹੋਇਆ ਹੈ, ਪਰ ਲਵਲੀ ਆਪਣੀ ਮਾਂ ਨਾਲ ਰਹਿੰਦੀ ਸੀ। ਰਾਜਬਾਲਾ ਦੇ ਪੁੱਤਰ ਉਪੇਂਦਰ ਦੀ ਮੌਤ ਹੋ ਚੁੱਕੀ ਹੈ ਤੇ ਉਸ ਦੀ ਪਤਨੀ ਸੁਧਾ ਵੀ ਲਾਪਤਾ ਹੈ। ਪੁਲਸ ਦੇ ਮੁਤਾਬਕ ਰਾਜਬਾਲਾ ਦੀ ਜਾਇਦਾਦ ਬਾਰੇ ਅਕਸਰ ਧੀਆਂ ਤੇ ਮਾਂ ਵਿਚਾਲੇ ਝਗੜਾ ਰਹਿੰਦਾ ਸੀ। ਲਵਲੀ ਦੀ ਨਜ਼ਰ ਆਪਣੀ ਮਾਂ ਰਾਜਬਾਲਾ ਦੀ ਕਰੀਬ 100 ਏਕੜ ਜ਼ਮੀਨ ਦੇ ਨਾਲ ਕੁਝ ਦਿਨ ਪਹਿਲਾਂ ਮਾਂ ਦੇ ਖਾਤੇ ਵਿੱਚ ਜਮ੍ਹਾਂ ਹੋਏ 53 ਲੱਖ ਰੁਪਏ ਉੱਤੇ ਸੀ। ਜਾਇਦਾਦ ਦੇ ਲਾਸਚ ਵਿੱਚ ਲਵਲੀ ਨੇ ਸਾਜ਼ਿਸ਼ ਰਚੀ ਅਤੇ ਸੁਪਾਰੀ ਦੇ ਕੇ ਚਾਰਾਂ ਦੀ ਹੱਤਿਆ ਕਰਵਾਈ ਸੀ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਵਾਰਦਾਤ 'ਚ ਪਰਵਾਰ ਦੇ ਹੋਰ ਕਿੰਨੇ ਮੈਂਬਰ ਸ਼ਾਮਲ ਹਨ। ਸੂਤਰ ਦੱਸਦੇ ਹਨ ਕਿ ਵਾਰਦਾਤ 'ਚ ਲਵਲੀ ਦੇ ਦੋ ਰਿਸ਼ਤੇਦਾਰ ਵੀ ਸ਼ਾਮਲ ਹਨ, ਜਿਨ੍ਹਾਂ ਨਾਲ ਉਸ ਨੇ ਪਲਾਨਿੰਗ ਕੀਤੀ ਅਤੇ ਉਤਰ ਪ੍ਰਦੇਸ਼ ਤੋਂ ਸੁਪਾਰੀ ਕਿਲਰ ਬੁਲਾਏ ਸਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜ੍ਹੋਂ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
Automatic & Manual Trucks
• 1 on 1 Training
Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਨਿਰੰਕਾਰੀ ਭਵਨ ਉਤੇ ਗ੍ਰਨੇਡ ਹਮਲੇ ਦਾ ਇੱਕ ਦੋਸ਼ੀ ਗ੍ਰਿਫਤਾਰ, ਦੂਜੇ ਦੀ ਪਛਾਣ

...ਪੰਨਾ 1 ਦਾ ਬਾਕੀ

ਹੈਪੀ ਬਾਰੇ ਇਹ ਸ਼ੱਕ ਹੈ ਕਿ ਉਹ 2016-17 ਵਿੱਚ ਲੁਧਿਆਣਾ ਤੇ ਜਲੰਧਰ ਵਿੱਚ ਆਰ ਐਸ ਐਸ ਅਤੇ ਸ਼ਿਵ ਸੈਨਾ ਅਤੇ ਹੋਰ ਆਗੂਆਂ ਤੇ ਵਰਕਰਾਂ ਤੇ ਇਕ ਈਸਾਈ ਪਾਦਰੀ ਦੇ ਕਤਲਾਂ ਦਾ ਸਾਜ਼ਿਸ਼ ਕਰਤਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਬਿਕਰਮ ਨੇ ਆਪਣੇ ਸਾਥੀ ਦੀ ਪਛਾਣ ਅਵਤਾਰ ਸਿੰਘ ਖਾਲਸਾ (32 ਸਾਲ) ਪਿੰਡ ਚੱਕ ਮਿਸ਼ਰੀ ਖਾਂ, ਥਾਣਾ ਲੋਪੋਕੇ, ਅੰਮ੍ਰਿਤਸਰ ਵਜੋਂ ਦੱਸੀ ਹੈ।

ਇਸ ਮੌਕੇ ਮੁੱਖ ਮੰਤਰੀ ਦੇ ਨਾਲ ਬੈਠੇ ਹੋਏ ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਗ੍ਰਿਫ਼ਤਾਰੀ ਸਮੇਂ ਬਿਕਰਮ ਟੀ ਵੀ ਐਸ ਮੋਟਰਸਾਈਕਲ ਚਲਾ ਰਿਹਾ ਸੀ। ਨਿਰੰਕਾਰੀ ਭਵਨ ਉੱਤੇ ਹਮਲਾ ਕਰਨ ਵਾਲੇ ਦਿਨ ਬਿਕਰਮ ਵੱਲੋਂ ਵਰਤਿਆ ਪਲਸਰ ਮੋਟਰ ਸਾਈਕਲ ਮਿਲ ਗਿਆ ਹੈ। ਬਿਕਰਮ ਨੇ ਦੱਸਿਆ ਕਿ ਅਵਤਾਰ ਸਿੰਘ ਨੇ ਉਸ ਨੂੰ 13 ਨਵੰਬਰ ਦੇਰ ਰਾਤ ਫੋਨ ਕਰਕੇ ਅਗਲੀ ਸਵੇਰ ਇੱਕ ਕੰਮ ਲਈ ਤਿਆਰ ਰਹਿਣ ਨੂੰ ਕਿਹਾ ਤੇ ਉਸ ਦਿਨ ਬਿਕਰਮ ਤੜਕੇ ਸਾਢੇ 4 ਵਜੇ ਅਵਤਾਰ ਦੇ ਘਰ ਪਹੁੰਚ ਗਿਆ। ਦੋਵਾਂ ਨੇ ਮਜੀਠਾ-ਹਰੀਆਂ ਲਿੰਕ ਸੜਕ ਉਤੇ ਇੱਕ ਕਿਲੋਮੀਟਰ ਦੂਰ ਇੱਕ ਬਗੀਚੇ ਵਿੱਚੋਂ ਐਚ ਈ 84 ਹੈਂਡ ਗ੍ਰਨੇਡ ਲਿਆ,


ਬਿਕਰਮਜੀਤ ਸਿੰਘ


ਅਵਤਾਰ ਸਿੰਘ

ਜਿਹੜਾ ਟਾਹਲੀ ਦੇ ਰੁੱਖ ਹੇਠ ਅੱਧਾ ਫੁੱਟ ਡੂੰਘਾ ਦੱਬਿਆ ਹੋਇਆ ਸੀ। ਬਿਕਰਮ ਦੇ ਦੱਸਣ ਮੁਤਾਬਕ ਉਨ੍ਹਾਂ ਨੇ ਪਹਿਲਾਂ ਸਵੇਰੇ ਨਿਰੰਕਾਰੀ ਸਤਸੰਗ ਭਵਨ ਦੀ ਰੇਕੀ ਕੀਤੀ ਤਾਂ ਉਥੇ ਕੋਈ ਨਹੀਂ ਸੀ। ਉਸ ਨੇ ਦੱਸਿਆ ਕਿ 18 ਨਵੰਬਰ ਨੂੰ ਉਹ ਪਲਸਰ ਮੋਟਰਸਾਈਕਲ ਉਤੇ ਸਵੇਰੇ ਕਰੀਬ 9 ਵਜੇ ਚੱਕ ਮਿਸ਼ਰੀ ਖਾਂ ਪਿੰਡ ਵਿੱਚ ਅਵਤਾਰ ਸਿੰਘ ਦੇ ਘਰ ਗਿਆ, ਜਿੱਥੇ ਉਨ੍ਹਾਂ ਨੇ ਮੋਟਰਸਾਈਕਲ ਦੀ ਨੰਬਰ ਪਲੇਟ ਲਾਹੀ ਅਤੇ ਸਵੇਰੇ ਕਰੀਬ 9.30 ਵਜੇ ਪਿੰਡ ਅਦਲੀਵਾਲ ਨੂੰ ਤੁਰੇ। ਪਿੰਡ ਮਾਨਾਵਾਲਾ ਨੇੜੇ ਜਾ ਕੇ ਮੂੰਹ ਢੱਕ ਲਏ। ਉਨ੍ਹਾਂ ਸਤਿਸੰਗ ਭਵਨ ਵਿੱਚ ਲੋਕਾਂ ਦੇ ਪਹੁੰਚਣ ਦੀ ਉਡੀਕ ਕੀਤੀ। ਉਨ੍ਹਾਂ ਕੋਲ ਪਿਸਤੌਲ ਸਨ। ਅਵਤਾਰ ਸੰਗਤ ਦੇ ਨਾਲ ਸਤਿਸੰਗ ਭਵਨ ਵਿੱਚ ਗਿਆ ਤੇ ਉਹ ਸਤਿਸੰਗ ਭਵਨ ਕੰਪਲੈਕਸ ਦੀਆਂ ਗੇਟ-ਪੋਸਟਾਂ ’ਤੇ ਤਾਇਨਾਤ ਦੋ ਸੇਵਾਦਾਰਾਂ ਨੂੰ ਪਿਸਤੌਲ ਦੀ ਨੋਕ ਉੱਤੇ ਕਾਬੂ ਕਰਨ ਵਿੱਚ ਸਫ਼ਲ ਹੋ ਗਿਆ। ਗ੍ਰਨੇਡ ਸੁੱਟ ਕੇ ਦੋਵੇਂ ਅਵਤਾਰ ਸਿੰਘ ਦੇ ਪਿੰਡ ਦੁਪਹਿਰ ਕਰੀਬ 12 ਵਜੇ ਪਹੁੰਚੇ, ਜਿੱਥੇ ਅਵਤਾਰ ਨੇ ਬਿਕਰਮ ਤੋਂ ਪਿਸਤੌਲ ਲੈ ਲਿਆ। ਫਿਰ ਹੁਲੀਆ ਬਦਲ ਕੇ ਬਿਕਰਮ ਆਪਣੇ ਪਿੰਡ ਪਲਸਰ ਮੋਟਰਸਾਈਕਲ ’ਤੇ ਵਾਪਸ ਆ ਗਿਆ। ਬਿਕਰਮ ਦੇ ਅਨੁਸਾਰ ਅਵਤਾਰ ਸਿੰਘ ਪਾਕਿਸਤਾਨ ਵਿੱਚ ਹੈਪੀ ਨਾਂ ਦੇ ਵਿਅਕਤੀ ਦੇ ਸੰਪਰਕ ਵਿੱਚ ਸੀ। ਹੈਪੀ ਨੇ ਪਹਿਲਾਂ ਖਾਲਿਸਤਾਨ ਗਦਰ ਫੋਰਸ (ਕੇ ਜੀ ਐਫ) ਦੇ ਆਪੇ ਬਣੇ ਮੁਖੀ ਸ਼ਬਨਮਦੀਪ ਸਿੰਘ ਵਾਸੀ ਸਮਾਣਾ, ਜ਼ਿਲ੍ਹਾ ਪਟਿਆਲਾ ਨੂੰ ਏਦਾਂ ਦਾ ਇੱਕ ਹੈਂਡ ਗ੍ਰਨੇਡ ਪੁਚਾਇਆ ਸੀ, ਸ਼ਬਨਮਦੀਪ ਨੂੰ 31 ਅਕਤੂਬਰ ਨੂੰ ਪੁਲੀਸ ਨੇ ਫੜ ਲਿਆ ਸੀ।

ਦੂਸਰੇ ਪਾਸੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਗਰਮ ਦਲੀਆਂ ਨੂੰ ਸ਼ਹਿ ਦੇ ਰਹੀ ਹੈ, ਜਿਸ ਨਾਲ ਇਸ ਰਾਜ ਦੇ ਹਾਲਾਤ ਵਿਗੜ ਰਹੇ ਹਨ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਲਿਖੇ ਪੱਤਰ ਵਿੱਚ ਬਾਦਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੀਆਂ ਹਰਕਤਾਂ ਇਸ ਰਾਜ ਦੀ ਸ਼ਾਂਤੀ ਤੇ ਫਿਰਕੂ ਸਦਭਾਵਨਾ ਲਈ ਖ਼ਤਰਾ ਹਨ। ਉਨ੍ਹਾ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਹਾਕਮ ਪਾਰਟੀ ਨੇ ਹਿੰਸਾ ਤੇ ਨਫ਼ਰਤ ਫੈਲਾ ਰਹੀਆਂ ਤਾਕਤਾਂ ਨੂੰ ਸਿਆਸੀ ਸਮਰਥਨ ਦਿੱਤਾ ਹੈ। ਬਾਦਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਅੰਮ੍ਰਿਤਸਰ ਧਮਾਕੇ ਬਾਰੇ ਉਨ੍ਹਾ ਕਿਹਾ ਕਿ ਖੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਮੁਤਾਬਕ ਰਾਜ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਲਈ ਪਾਕਿਸਤਾਨ ਸਿਖਲਾਈ ਪ੍ਰਾਪਤ ਖਾੜਕੂ ਭੇਜ ਰਿਹਾ ਹੈ, ਪਰ ਇਹ ਚਿਤਾਵਨੀਆਂ ਪੰਜਾਬ ਸਰਕਾਰ ਨੂੰ ਨਜ਼ਰ ਨਹੀਂ ਆਈਆਂ। ਉਨ੍ਹਾਂ ਨੇ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਦੁਬਾਰਾ 80ਵਿਆਂ ਦੀ ਨੀਤੀ ਉੱਤੇ ਚੱਲ ਰਹੀ ਹੈ।

## ਭਾਜਪਾ ਵਿਰੋਧੀ ਗੱਠਜੋੜ ਦੀ ਸਰਕਾਰ ਬਣਦੀ ਰੋਕਣ ਲਈ ਜੰਮੂ-ਕਸ਼ਮੀਰ ਵਿਧਾਨ ਸਭਾ ਭੰਗ



ਸ਼੍ਰੀਨਗਰ, 21 ਨਵੰਬਰ, (ਪੋਸਟ ਬਿਊਰੋ)- ਪੀ ਡੀ ਪੀ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਵਲੋਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤੇ ਜਾਣ ਦੇ ਅੱਧਾ ਘੰਟ ਬਾਅਦ ਹੀ ਜੰਮੂ-ਕਸ਼ਮੀਰ ਦੇ ਗਵਰਨਰ ਸਤਪਾਲ ਮਲਿਕ ਨੇ ਅੱਜ ਬੁੱਧਵਾਰ ਰਾਤ ਨੂੰ ਇਸ ਰਾਜ ਦੀ ਵਿਧਾਨ ਸਭਾ ਭੰਗ ਕਰ ਦਿੱਤੀ ਅਤੇ ਇਸ ਦੇ ਨਾਲ ਕਿਹਾ ਕਿ ਜੰਮੂ-ਕਸ਼ਮੀਰ ਦੇ ਸੰਵਿਧਾਨ ਦੀਆਂ ਵਿਵਸਥਾਵਾਂ ਹੇਠ ਇਹ ਕਾਰਵਾਈ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਕੁਝ ਸਮਾਂ ਪਹਿਲਾਂ ਪੀ ਡੀ ਪੀ ਪਾਰਟੀ ਦੀ ਪ੍ਰਧਾਨ ਅਤੇ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਦੀ ਹਮਾਇਤ ਨਾਲ ਜੰਮੂ-ਕਸ਼ਮੀਰ ਵਿਚ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਸੀ। ਮਹਿਬੂਬਾ ਮੁਫਤੀ ਨੇ ਗਵਰਨਰ ਸਤਪਾਲ ਮਲਿਕ ਨੂੰ ਲਿਖੇ ਪੱਤਰ ਵਿਚ ਕਿਹਾ ਸੀ ਕਿ ਵਿਧਾਨ ਸਭਾ ਵਿਚ ਪੀ ਡੀ ਪੀ ਸਭ ਤੋਂ ਵੱਡੀ ਪਾਰਟੀ ਹੈ, ਜਿਸ ਦੇ 29 ਮੈਂਬਰ ਹਨ। ਉਨ੍ਹਾਂ ਲਿਖਿਆ ਕਿ ‘ਤੁਹਾਨੂੰ ਮੀਡੀਆ ਦੀਆਂ ਖਬਰਾਂ ਤੋਂ ਪਤਾ ਲੱਗ ਗਿਆ ਹੋਵੇਗਾ ਕਿ ਕਾਂਗਰਸ ਤੇ ਨੈਸ਼ਨਲ ਕਾਨਫਰੰਸ ਨੇ ਸਰਕਾਰ ਬਣਾਉਣ ਲਈ ਸਾਡੀ ਪਾਰਟੀ ਦਾ ਸਾਥ ਦੇਣ ਦਾ ਫੈਸਲਾ ਕੀਤਾ ਹੈ। ਨੈਸ਼ਨਲ ਕਾਨਫਰੰਸ ਦੇ 15 ਅਤੇ ਕਾਂਗਰਸ ਦੇ 12 ਵਿਧਾਇਕ ਹਨ, ਇਸ ਲਈ ਸਾਡੀ ਸਾਂਝੀ ਗਿਣਤੀ 56 ਹੈ।’ ਮਹਿਬੂਬਾ ਮੁਫਤੀ ਨੇ ਪੱਤਰ ਵਿਚ ਕਿਹਾ, ‘ਇਸ ਸਮੇਂ ਮੈਂ ਸ਼੍ਰੀਨਗਰ ਵਿਚ ਹਾਂ, ਇਸ ਲਈ ਮੇਰਾ ਤੁਹਾਡੇ ਨਾਲ ਤੁਰੰਤ ਮੁਲਾਕਾਤ ਕਰਨਾ ਸੰਭਵ ਨਹੀਂ ਹੋਣਾ ਅਤੇ ਤੁਹਾਨੂੰ ਇਸ ਬਾਰੇ ਸੂਚਿਤ ਕਰਨ ਅਤੇ ਜਲਦੀ ਸੂਬੇ ਵਿਚ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨ ਲਈ ਅਸੀਂ ਤੁਹਾਡੀ ਸਹੂਲਤ ਅਨੁਸਾਰ ਮਿਲਣਾ ਚਾਹਾਂਗੇ।’

## ਟਰੰਪ ਦਾ ਯੂ-ਟਰਨ: ਸਾਊਦੀ ਅਰਬ ਨਾਲ ਸਬੰਧ ਵਿਗਾੜ ਕੇ ਮੈਂ ਇਕਾਨਮੀ ਤਬਾਹ ਨਹੀਂ ਕਰਵਾ ਸਕਦਾ

ਵਾਸ਼ਿੰਗਟਨ, 21 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪੱਤਰਕਾਰ ਜਮਾਲ ਖ਼ਸ਼ੋਗੀ ਦੇ ਕਤਲ ਕੇਸ ਵਿੱਚ ਸਾਊਦੀ ਅਰਬ ਦੇ ਹਾਕਮਾਂ ਨੂੰ ਜਵਾਬਦੇਹ ਨਾ ਠਹਿਰਾਉਣ ਦੇ ਆਪਣੇ ਫ਼ੈਸਲੇ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਸਾਊਦੀ ਅਰਬ ਦੀ ਸਰਕਾਰ ਨਾਲ ਰਣਨੀਤਕ ਸਬੰਧਾਂ ਦੀ ਕਾਇਮੀ ਤੇ ਸੰਸਾਰ ਪੱਧਰ ਉੱਤੇ ਤੇਲ ਕੀਮਤਾਂ ਨੂੰ ਹੇਠਾਂ ਲਿਆਉਣਾ ਅਮਰੀਕਾ ਦੇ ਵੱਡੇ ਹਿੱਤਾਂ ਵਿੱਚ ਜ਼ਰੂਰੀ ਹੈ। ਦੂਸਰੇ ਪਾਸੇ ਤੁਰਕੀ ਨੇ ਦੋਸ਼ ਲਾਇਆ ਕਿ ਸਾਊਦੀ ਅਰਬ ਦੇ ਪੱਤਰਕਾਰ ਜਮਾਲ ਖ਼ਸ਼ੋਗੀ ਦੇ ਕਤਲ ਕੇਸ ਨੂੰ ਅਮਰੀਕਾ ਨੇ ਜਾਣਬੁੱਝ ਕੇ ਅਣਗੌਲੇ ਕੀਤਾ ਹੈ। ਤੁਰਕੀ ਨੇ ਅਮਰੀਕੀ ਰਾਸ਼ਟਰਪਤੀ ਵੱਲੋਂ ਕੀਤੀ ਇਸ ਟਿੱਪਣੀ ਕਿ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਨੂੰ ਜਮਾਲ ਖ਼ਸ਼ੋਗੀ ਦੇ ਕਤਲ ਦੀ ਯੋਜਨਾ ਦੀ ਕੋਈ ਜਾਣਕਾਰੀ ਨਹੀਂ ਸੀ, ਨੂੰ ਮਜ਼ਾਕੀਆ ਗੱਲ ਕਹਿ ਕੇ ਰੱਦ ਕਰ ਦਿੱਤਾ ਹੈ।



ਫਲੋਰੀਡਾ ਦੌਰੇ ਲਈ ਰਵਾਨਾ ਹੋਣ ਤੋਂ ਪਹਿਲਾਂ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਵੇਲੇ ਡੋਨਾਲਡ ਟਰੰਪ ਨੇ ਕਿਹਾ, “ਮੇਰੇ ਲਈ ਅਮਰੀਕਾ ਪਹਿਲਾਂ ਹੈ। ਇਸ ਲਈ ਖ਼ਸ਼ੋਗੀ ਕਤਲ ਕੇਸ ਦੇ ਬਾਵਜੂਦ ਅਮਰੀਕਾ ਇਸ ਖਿੱਤੇ ਵਿੱਚ ਇਜ਼ਰਾਈਲ ਤੇ ਹੋਰ ਭਾਈਵਾਲਾਂ ਸਮੇਤ ਆਪਣੇ ਹਿਤ ਯਕੀਨੀ ਕਰਨ ਲਈ ਸਾਊਦੀ ਅਰਬ ਦਾ ‘ਪੱਕਾ ਭਾਈਵਾਲ’ ਬਣਿਆ ਰਹੇਗਾ।” ਉਨ੍ਹਾ ਨੇ ਇਹ ਦੋਸ਼ ਰੱਦ ਕਰ ਦਿੱਤੇ ਕਿ ਮਨੁੱਖੀ ਹੱਕਾਂ ਨੂੰ ਦਾਅ ਉਤੇ ਰੱਖ ਕੇ ਸਾਊਦੀ ਰਾਜ ਘਰਾਣੇ ਦਾ ਬਚਾਅ ਕੀਤਾ ਗਿਆ ਹੈ। ਦੂਸਰੇ ਪਾਸੇ ਤੁਰਕੀ ਦੇ ਰਾਸ਼ਟਰਪਤੀ ਦੀ ਪਾਰਟੀ ਦੇ ਡਿਪਟੀ ਚੇਅਰਮੈਨ ਨੁਮਨ ਕੁਰਤੁਲਮਸ ਨੇ ਡੋਨਾਲਡ ਟਰੰਪ ਵੱਲੋਂ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਦਾ ਬਚਾਅ ਕਰਨ ਲਈ ਰਾਸ਼ਟਰਪਤੀ ਦੇ ਬਿਆਨ ਨੂੰ ‘ਮਜ਼ਾਕ’ ਕਿਹਾ ਹੈ। ਉਨ੍ਹਾਂ ਕਿਹਾ, ‘ਸੀ ਆਈ ਏ ਵਰਗੀ ਸੂਹੀਆ ਏਜੰਸੀ, ਜਿਸ ਨੂੰ ਸਾਊਦੀ ਕੌਂਸਲੇਟ ਦੇ ਬਗੀਚੇ ਵਿੱਚ ਘੁੰਮ ਰਹੀ ਬਿੱਲੀ ਦੀ ਜੱਤ ਦੇ ਰੰਗ ਦਾ ਪਤਾ ਹੈ, ਨੂੰ ਖ਼ਸ਼ੋਗੀ ਦੇ ਕਤਲ ਦੇ ਹੁਕਮ ਦੇਣ ਵਾਲਿਆਂ ਦਾ ਪਤਾ ਨਾ ਹੋਵੇ, ਮੁਮਕਿਨ ਨਹੀਂ।’

## ਲੜਕੀ ਨੇ ਪ੍ਰੇਮ ਵਿਆਹ ਕੀਤਾ ਤਾਂ ਮਾਪਿਆਂ ਨੇ ਜਿਉਂਦੀ ਦੇ ਅੰਤਿਮ ਸੰਸਕਾਰ ਦੀ ਰਸਮ ਕਰ ਦਿੱਤੀ



ਝਾਬੂਆ, 21 ਨਵੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਝਾਬੂਆ ਜ਼ਿਲੇ ਵਿੱਚ ਇਕ ਪਰਵਾਰ ਨੇ ਆਪਣੀ ਜ਼ਿੰਦਾ ਬੇਟੀ ਦੀ ਅਰਥੀ ਕੱਢ ਕੇ ਉਸ ਦਾ ਅੰਤਿਮ ਸੰਸਕਾਰ ਕਰਨ ਦੀ ਰਸਮ ਕਰ ਦਿੱਤੀ ਹੈ। ਅਜਿਹਾ ਉਨ੍ਹਾਂ ਨੇ ਇਸ ਲਈ ਕੀਤਾ ਹੈ ਕਿ ਉਨ੍ਹਾਂ ਦੀ ਬੇਟੀ ਨੇ ਦਲਿਤ ਜਾਤੀ ਦੇ ਲੜਕੇ ਨਾਲ ਭੱਜ ਕੇ ਵਿਆਹ ਕਰ ਲਿਆ ਸੀ। ਜ਼ਿੰਦਾ ਲੜਕੀ ਦੇ ਅੰਤਿਮ ਸੰਸਕਾਰ ਵਿੱਚ ਸਿਰਫ ਉਸ ਦਾ ਪਰਵਾਰ ਨਹੀਂ, ਉਸ ਦੇ ਰਿਸ਼ਤੇਦਾਰ ਅਤੇ ਪੂਰਾ ਪਿੰਡ ਵੀ ਸ਼ਾਮਲ ਹੋਇਆ।

ਪਤਾ ਲੱਗਾ ਹੈ ਕ ਬੋਰੀ ਪਿੰਡ ਦੇ ਬਰੀਆ ਪਰਵਾਰ ਦੀ ਲੜਕੀ ਕੁਸੁਮ (20 ਸਾਲ) ਪਿਛਲੇ 27 ਅਕਤੂਬਰ ਨੂੰ ਲਾਪਤਾ ਹੋ ਗਈ ਸੀ। ਘਰ ਵਾਲਿਆਂ ਨੇ ਉਸ ਦੀ ਗੁਮਸ਼ੁਦਗੀ ਦੀ ਰਿਪੋਰਟ ਦਰਜ ਕਰਾਈ ਸੀ। ਜਦ ਉਸ ਦੇ ਕਾਲਜ ਦੇ ਦੋਸਤਾਂ ਤੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਸ ਨੇ ਅਲੀਰਾਜਪੁਰ ਜ਼ਿਲੇ ਦੇ ਭਾਭਰਾ ਪਿੰਡ ਦੇ ਨਾਨੂ ਡਾਂਗੀ ਨਾਲ ਪ੍ਰੇਮ ਵਿਆਹ ਕਰ ਲਿਆ ਸੀ। ਪੁਲਸ ਕੁਸੁਮ ਨੂੰ ਫੜ ਕੇ ਕੋਰਟ ਵਿੱਚ ਲਿਆਈ। ਇਥੇ ਉਸ ਨੇ ਬਿਆਨ ਦਿੱਤਾ ਕਿ ਉਹ ਨਾਨੂ ਨਾਲ ਵਿਆਹ ਕਰ ਚੁੱਕੀ ਹੈ ਅਤੇ ਉਸ ਨਾਲ ਰਹੇਗੀ। ਉਸ ਨੇ ਆਪਣੇ ਬਾਲਗ ਹੋਣ ਦੇ ਦਸਤਾਵੇਜ਼ ਵੀ ਕੋਰਟ ਨੂੰ ਦਿੱਤੇ। ਉਸ ਨੂੰ ਐਸ ਡੀ ਐਮ ਨੇ ਨਾਨੂ ਦੇ ਨਾਲ ਭੇਜ ਦਿੱਤਾ, ਪਰ ਕੁਸੁਮ ਦੇ ਪਰਵਾਰ ਨੂੰ ਇਹ ਬਰਦਾਸ਼ਤ ਨਹੀਂ ਹੋਇਆ। ਉਨ੍ਹਾਂ ਨੇ ਉਸ ਦੀ ਅਰਥੀ ਬਣਾ ਕੇ ਅੰਤਮ ਸੰਸਕਾਰ ਕੀਤਾ ਤੇ ਇਸ ਦੇ ਬਾਅਦ ਮੌਤ ਦਾ ਭੋਜ ਵੀ ਦਿੱਤਾ ਗਿਆ।

## ਬੀਰੋਕੇ ਖੁਰਦ ਗੋਲੀ ਕਾਂਡ: ਕਿਸਾਨਾਂ ਉੱਤੇ ਗੋਲੀ ਲਈ ਅਦਾਲਤ ਵੱਲੋਂ ਨਾਇਬ ਤਹਿਸੀਲਦਾਰ ਦੋਸ਼ੀ ਕਰਾਰ

ਮਾਨਸਾ, 21 ਨਵੰਬਰ, (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਪਿੰਡ ਬੀਰੋਕੇ ਖੁਰਦ ਦੇ ਗੋਲੀ ਕਾਂਡ ਵਿਚ ਮਾਰੇ ਗਏ ਕਿਸਾਨ ਆਗੂ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਵਾਲੇ ਕੇਸ ਵਿਚ ਹਰਿਆਣਾ ਦੀ ਫਤਿਹਾਬਾਦ ਸੈਸ਼ਨ ਕੋਰਟ ਨੇ ਅੱਜ ਦਿੱਤੇ ਫੈਸਲੇ ਵਿੱਚ ਉਦੋਂ ਦੇ ਨਾਇਬ ਤਹਿਸੀਲਦਾਰ ਸੁਭਾਸ਼ ਸਿੰਘ ਮਿੱਤਲ ਨੂੰ ਦੋਸ਼ੀ ਕਰਾਰ ਦੇ ਕੇ ਹਿਸਾਰ ਜੇਲ੍ਹ ਭੇਜ ਦਿੱਤਾ ਹੈ। ਉਸ ਨੂੰ ਦਿੱਤੀ ਜਾਣ ਵਾਲੀ ਸਜ਼ਾ 22 ਨਵੰਬਰ ਨੂੰ ਐਲਾਨੀ ਜਾਵੇਗੀ।

ਇਸ ਬਾਰੇ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਤੇ ਹੋਰਨਾਂ ਨੇ ਦੱਸਿਆ ਕਿ ਫਤਿਹਾਬਾਦ ਦੇ ਸੈਸ਼ਨ ਜੱਜ ਰਾਜਿੰਦਰ ਸਿੰਘ ਟਾਂਡਾ ਨੇ ਮੁਦੱਈ ਪੱਖ ਦੇ ਵਕੀਲ ਸੂਬਾ ਸਿੰਘ ਦੰਦੀਵਾਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਤਹਿਸੀਲਦਾਰ ਨੂੰ ਦੋਸ਼ੀ ਮੰਨਿਆ ਹੈ। ਦਿਲਚਸਪ ਗੱਲ ਇਹ ਹੈ ਕਿ ਕਿਸਾਨ ਯੂਨੀਅਨ ਨੇ ਇਸ ਗੋਲੀ ਕਾਂਡ ਦੀ ਕਾਨੂੰਨੀ ਲੜਾਈ ਮਾਨਸਾ ਦੀ ਅਦਾਲਤ ਤੋਂ ਸ਼ੁਰੂ ਕੀਤੀ ਸੀ, ਬਾਅਦ ਵਿਚ ਆੜ੍ਹਤੀਆਂ ਨੇ ਕੇਸ ਨੂੰ ਫਤਿਹਾਬਾਦ ਦੀ ਅਦਾਲਤ ਵਿਚ ਇੱਕ ਅਪੀਲ ਰਾਹੀਂ ਤਬਦੀਲ ਕਰਵਾਇਆ ਸੀ।

ਵਰਨਣ ਯੋਗ ਹੈ ਕਿ ਇਹ ਗੋਲੀ ਕਾਂਡ 11 ਅਕਤੂਬਰ 2010 ਨੂੰ ਪਿੰਡ ਬੀਰੋਕੇ ਖੁਰਦ ਵਿਚ ਓਦੋਂ ਹੋਇਆ, ਜਦੋਂ ਕਿਸਾਨ ਆਗੂ ਭੋਲਾ ਸਿੰਘ ਦੇ ਸਵਾ ਲੱਖ ਰੁਪਏ ਕਰਜ਼ੇ ਬਦਲੇ ਬੁਢਲਾਡਾ ਦੇ ਇੱਕ ਆੜ੍ਹਤੀਏ ਵੱਲੋਂ 10 ਕਨਾਲ ਜ਼ਮੀਨ ਦੀ ਕੁਰਕੀ ਕਰਾਉਣ ਦੇ ਵਿਰੁੱਧ ਪ੍ਰਦਰਸ਼ਨ ਕਰਦੇ ਕਿਸਾਨਾਂ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਵਿਚ ਕਿਸਾਨ ਆਗੂ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ ਮੌਤ ਹੋ ਗਈ ਅਤੇ ਤਰਸੇਮ ਸਿੰਘ, ਲਛਮਣ ਸਿੰਘ ਜ਼ਖ਼ਮੀ ਹੋ ਗਏ ਸਨ। ਇਸੇ ਕਾਂਡ ਤੋਂ ਅਗਲੇ ਦਿਨ ਕਿਸਾਨਾਂ ਨੇ ਗੁੱਸੇ ਵਿਚ ਆ ਕੇ ਆੜ੍ਹਤੀਆਂ ਦੀ ਕੁੱਟਮਾਰ ਕੀਤੀ ਤੇ ਇਸੇ ਬਾਰੇ ਕਿਸਾਨ ਤੇ ਮਜ਼ਦੂਰ ਆਗੂਆਂ ਉਤੇ ਬੁਢਲਾਡਾ ਥਾਣੇ ਵਿਚ ਕੇਸ ਦਰਜ ਹੋਇਆ ਸੀ। ਇਸ ਤੋਂ ਪਹਿਲਾਂ ਫਤਿਹਾਬਾਦ ਅਦਾਲਤ ਨੇ 27 ਫਰਵਰੀ 2015 ਨੂੰ ਛੇ ਆੜ੍ਹਤੀਆਂ ਨੂੰ ਇਸੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਤੇ ਮਾਨਸਾ ਜ਼ਿਲ੍ਹੇ ਦੇ 13 ਕਿਸਾਨ-ਮਜ਼ਦੂਰ ਆਗੂਆਂ ਨੂੰ ਇਸੇ ਕੇਸ ਵਿਚ ਤਿੰਨ-ਤਿੰਨ ਸਾਲ ਕੈਦ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਸੀ।

## ਰਾਧੇ ਮਾਂ ਵਿਰੁੱਧ ਹੋਈ ਸ਼ਿਕਾਇਤ ਉੱਤੇ ਕਪੂਰਥਲਾ ਦਾ ਐੱਸ ਐੱਸ ਪੀ ਹਾਈ ਕੋਰਟ ਵੱਲੋਂ ਤਲਬ

ਚੰਡੀਗੜ੍ਹ, 21 ਨਵੰਬਰ, (ਪੋਸਟ ਬਿਊਰੋ)- ਆਪਣੇ ਆਪ ਦੇਵੀ ਬਣੀ ਹੋਈ ਰਾਧੇ ਮਾਂ ਵਿਰੁੱਧ ਸ਼ਿਕਾਇਤ ਉੱਤੇ ਪੰਜਾਬ ਪੁਲਿਸ ਵੱਲੋਂ ਕਾਰਵਾਈ ਨਾ ਕੀਤੇ ਜਾਣ ਦੇ ਕੇਸ ਵਿੱਚ ਅਰਜ਼ੀ ਦੀ ਸੁਣਵਾਈ ਕਰਦਿਆਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਕਪੂਰਥਲਾ ਦੇ ਐੱਸ ਐੱਸ ਪੀ ਨੂੰ 18 ਦਸੰਬਰ ਨੂੰ ਅਦਾਲਤ ਵਿਚ ਤਲਬ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਕੇਸ ਵਿੱਚ ਸੁਖਵਿੰਦਰ ਕੌਰ ਉਰਫ਼ ਰਾਧੇ ਮਾਂ ਦੇ ਵਿਰੁੱਧ ਸ਼ਿਕਾਇਤ ਕਰਤਾ ਸੁਰਿੰਦਰ ਮਿੱਤਲ ਵੱਲੋਂ ਪੰਜਾਬ ਪੁਲਿਸ ਨੂੰ ਦਿੱਤੀ ਰਾਧੇ ਮਾਂ ਦੀ ਸੀ ਡੀ ਦੀ ਜਾਂਚ ਕਰਾਏ ਜਾਣ ਵਿੱਚ ਕੁਤਾਹੀ ਵਰਤਣ ਦੇ ਦੋਸ਼ ਲਾ ਕੇ ਉਸ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਪੁਲਿਸ ਨੇ ਰਾਧੇ ਮਾਂ ਦੀ ਸੀ ਡੀ ਦੀ ਜਾਂਚ ਲਈ ਉਸ ਦੀ ਆਵਾਜ਼ ਦੇ ਨਮੂਨੇ ਸਹੀ ਤਰ੍ਹਾਂ ਨਹੀਂ ਲਏ। ਪਟੀਸ਼ਨ ਕਰਤਾ ਦੇ ਵਕੀਲ ਕੇ ਐੱਸ ਡਡਵਾਲ ਨੇ ਅਦਾਲਤ ਨੂੰ ਦੱਸਿਆ ਕਿ ਪੁਲਿਸ ਨੇ ਰਾਧੇ ਮਾਂ ਦੇ ਜਾਗਰਣ ਜਾਂ ਇੰਟਰਵਿਊ ਵੇਲੇ ਰਿਕਾਰਡ ਕੀਤੀ ਗਈ ਸੀ ਡੀ ਨੂੰ ਉਨ੍ਹਾਂ ਦੀ ਆਵਾਜ਼ ਦੇ ਨਮੂਨੇ ਵਜੋਂ ਫੋਰੈਂਸਿਕ ਜਾਂਚ ਲਈ ਭੇਜਿਆ ਸੀ, ਇਨ੍ਹਾਂ ਨਮੂਨਿਆਂ ’ਚ ਉਸ ਦੀ ਸਹੀ ਆਵਾਜ਼ ਆਉਣ ਦੀ ਆਸ ਨਹੀਂ। ਡਡਵਾਲ ਨੇ ਅਦਾਲਤ ਨੂੰ ਦੱਸਿਆ ਕਿ ਹਾਈ ਕੋਰਟ ਵੱਲੋਂ ਇਸ ਸੀ ਡੀ ਦੀ ਜਾਂਚ ਕਰਵਾਏ ਜਾਣ ਦੇ ਆਦੇਸ਼ ਦਿੱਤੇ ਜਾਣ ਦੇ ਬਾਵਜੂਦ ਪੰਜਾਬ ਪੁਲਿਸ ਨੇ ਰਾਧੇ ਮਾਂ ਦੇ ਸਹੀ ‘ਵਾਇਸ ਸੈਂਪਲ’ ਨਹੀਂ ਲਏ।




ਜਸਟਿਸ ਨਿਰਮਲਜੀਤ ਕੌਰ ਨੇ ਇਸ ਕੰਮ ਵਿੱਚ ਹੋਈ ਦੇਰ ਉੱਤੇ ਕਪੂਰਥਲਾ ਦੇ ਐੱਸ ਐੱਸ ਪੀ ਨੂੰ 18 ਦਸੰਬਰ ਨੂੰ ਅਦਾਲਤ ਵਿਚ ਹਾਜ਼ਰ ਹੋ ਕੇ ਸਥਿਤੀ ਸਾਫ ਕਰਨ ਨੂੰ ਕਿਹਾ ਹੈ। ਵਰਨਣ ਯੋਗ ਹੈ ਕਿ ਕਪੂਰਥਲਾ ਦੇ ਸੁਰਿੰਦਰ ਮਿੱਤਲ ਨੇ ਰਾਧੇ ਮਾਂ ਵਿਰੁੱਧ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਦੀ ਸ਼ਿਕਾਇਤ ਦਰਜ ਕਰਾਈ ਸੀ ਕਿ ਉਨ੍ਹਾਂ ਨੂੰ ਚੁੱਪ ਕਰਵਾਉਣ ਲਈ ਰਾਧੇ ਮਾਂ ਨੇ ਉਨ੍ਹਾਂ ਨੂੰ ਪੈਸੇ ਦੀ ਪੇਸ਼ਕਸ਼ ਵੀ ਕੀਤੀ ਸੀ।







## ਸੁਸ਼ਮਾ ਸਵਰਾਜ ਦਾ ਐਲਾਨ, ਲੋਕ ਸਭਾ ਚੋਣਾਂ ਨਹੀਂ ਲੜਾਂਗੀ

ਇੰਦੌਰ, 21 ਨਵੰਬਰ (ਪੋਸਟ ਬਿਊਰੋ)- ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕੱਲ੍ਹ ਇਥੇ ਕਿਹਾ ਕਿ ਉਹ 2019 ਦੀਆਂ ਲੋਕ ਸਭਾ ਚੋਣਾਂ ਨਹੀਂ ਲੜੇਗੀ। ਭਾਜਪਾ ਦੀ ਇਸ ਸੀਨੀਅਰ ਨੇਤਾ ਨੇ ਇੱਕ ਪ੍ਰੋਗਰਾਮ ਵਿੱਚ ਕਿਹਾ, 'ਉਮੀਦਵਾਰਾਂ ਦੀ ਚੋਣ ਪਾਰਟੀ ਵੱਲੋਂ ਹੁੰਦੀ ਹੈ, ਪਰ ਮੈਂ ਆਪਣਾ ਮਨ ਬਣਾ ਲਿਆ ਹੈ ਕਿ ਅਗਲੀਆਂ ਚੋਣਾਂ ਨਹੀਂ ਲੜਾਂਗੀ।' ਇਸ ਮੌਕੇ ਸੁਸ਼ਮਾ ਸਵਰਾਜ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਆਪਣੇ ਫੈਸਲੇ ਤੋਂ ਪਾਰਟੀ ਨੂੰ ਜਾਣੂ ਕਰਵਾ ਦਿੱਤਾ ਹੈ। ਉਹ ਮੱਧ ਪ੍ਰਦੇਸ਼ ਦੇ ਵਿਦਿਸ਼ਾ ਹਲਕੇ ਤੋਂ ਲੋਕ ਸਭਾ ਮੈਂਬਰ ਹਨ। ਇਸ ਦੇ ਤੁਰੰਤ ਬਾਅਦ ਦਿੱਲੀ ਵਿੱਚ ਉਨ੍ਹਾਂ ਦੇ ਪਤੀ ਸਵਰਾਜ ਕੌਸ਼ਲ ਨੇ ਸਿਲਸਿਲੇਵਾਰ ਟਵੀਟ ਕਰ ਕੇ ਕਿਹਾ, ਕਿ ਇਹ ਦੌੜ 1977 ਤੋਂ ਸ਼ੁਰੂ ਹੋਈ ਸੀ, ਇਸ ਨੂੰ 41 ਸਾਲ ਹੋ ਗਏ। ਤੁਸੀਂ ਲਗਾਤਾਰ 11 ਚੋਣਾਂ ਲੜੀਆਂ ਹਨ। ਮਤਲਬ ਤੁਸੀਂ 1977 ਦੇ ਬਾਅਦ ਤੋਂ ਸਾਰੀਆਂ ਚੋਣਾਂ ਲੜੀਆਂ ਹਨ।

## ਸਰਕਾਰੀ ਕੰਮਾਂ ਵਿੱਚ ਨਿੱਜੀ ਈਮੇਲ ਨਾਲ ਇਵਾਂਕਾ ਟਰੰਪ ਵੀ ਘਿਰ ਗਈ

* ਟਰੰਪ ਵੱਲੋਂ ਧੀ ਇਵਾਂਕਾ ਦੇ ਬਚਾਅ ਵਿੱਚ ਬਿਆਨ



ਵਾਸ਼ਿੰਗਟਨ, 21 ਨਵੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਧੀ ਇਵਾਂਕਾ ਕੰਮਕਾਜ ਵਿੱਚ ਨਿੱਜੀ ਈਮੇਲ ਵਰਤੋਂ ਕਰਨ ਦੇ ਕਾਰਨ ਅਚਾਨਕ ਘਿਰ ਗਈ ਹੈ। ਉਹ ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਲਈ ਇੱਕ ਬਾਕ-ਾਇਦਾ ਸਲਾਹਕਾਰ ਹੋਣ ਕਰ ਕੇ ਨਿੱਜੀ ਈਮੇਲ ਨਹੀਂ ਵਰਤ ਸਕਦੀ।

'ਵਾਸ਼ਿੰਗਟਨ ਪੋਸਟ' ਅਖਬਾਰ ਨੇ ਆਪਣੀ ਰਿਪੋਰਟ 'ਚ ਦਾਅਵਾ ਕੀਤਾ ਕਿ ਇਵਾਂਕਾ ਨੇ ਸਰਕਾਰੀ ਕੰਮ ਦੇ ਲਈ ਪਿਛਲੇ ਸਾਲ ਆਪਣੇ ਨਿੱਜੀ ਈਮੇਲ ਅਕਾਊਂਟ ਤੋਂ ਸੈਂਕੜੇ ਈਮੇਲ ਕੀਤੇ ਸਨ। ਅਖਬਾਰ ਮੁਤਾ-ਬਕ ਇਹ ਈਮੇਲ ਵ੍ਹਾਈਟ ਹਾਊਸ ਦੇ ਸਹਿਯੋਗੀਆਂ, ਕੈਬਨਿਟ ਮੈਂਬਰਾਂ ਅਤੇ ਇਵਾਂਕਾ ਦੇ ਸਹਿਯੋਗੀਆਂ ਨੂੰ ਭੇਜੇ ਗਏ ਸਨ। ਇਨ੍ਹਾਂ 'ਚੋਂ ਕਈ ਈਮੇਲ ਭੇਜਣ ਵਿੱਚ ਨਿਯਮਾਂ ਦੀ ਉਲੰਘਣਾ ਕੀਤੀ। ਇਵਾਂਕਾ ਦੇ ਵਕੀਲ ਏ ਬੀ ਲੋਵੇਲ ਦੇ ਬੁਲਾਰੇ ਪੀਟਰ ਮਿਰਜਾਨੀਅਨ ਨੇ ਇਹ ਮੰਨਿਆ ਕਿ ਉਹ ਨਿੱਜੀ ਅਕਾਊਂਟ ਵਰਤਦੀ ਸੀ। ਇਹ ਮਾਮਲਾ ਸਾਹ-ਮਣੇ ਲਿਆਉਣ ਵਾਲੇ ਲਿਬਰਲ ਵਾਚਡੌਗ ਸਮੂਹ ਅਮਰੀਕਨ ਓਵਰਸਾਈਟ ਦੇ ਕਾਰਜਕਾਰੀ ਡਾਇਰੈਕਟਰ ਆਸਟਿਨ ਏਵਰਸ ਨੇ ਕਿਹਾ ਕਿ ਰਾਸ਼ਟਰਪਤੀ ਪਰਵਾਰ ਕਾਨੂੰਨ ਤੋਂ ਉਪਰ ਨਹੀਂ ਹੈ, ਇਸ ਲਈ ਨਿਯਮਾਂ ਦੀ ਉਲੰਘਣਾ ਦਾ ਕੇਸ ਬਣਦਾ ਹੈ।

ਇਸ ਦੇ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਧੀ ਇਵਾਂਕਾ ਟਰੰਪ ਦਾ ਬਚਾਅ ਕਰਦਿਆਂ ਇਕ ਬਿਆਨ ਦਿੱਤਾ ਹੈ। ਉਨ੍ਹਾ ਨੇ ਕਿਹਾ ਕਿ ਈ-ਮੇਲ ਵਿਚ ਕੋਈ ਗੁਪਤ ਜਾਣਕਾਰੀ ਨਹੀਂ ਅਤੇ ਨਾ ਸੂਚਨਾਵਾਂ ਨੂੰ ਡਿਲੀਟ ਕੀਤਾ ਗਿਆ ਹੈ, ਜਿਵੇਂ ਹਿਲੇਰੀ ਕਲਿੰਟਨ ਨੇ ਕੀਤਾ ਸੀ। ਵਰਨਣ ਯੋਗ ਹੈ ਕਿ ਸਾਲ 2016 ਵਿਚ ਰਾਸ਼ਟਰਪਤੀ ਚੋਣਾਂ ਦੇ ਦਾਅਵੇਦਾਰ ਵਜੋਂ ਟਰੰਪ ਨੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਉੱਤੇ ਸੀਨੀਅਰ ਅਮਰੀਕੀ ਡਿਪਲੋਮੈਟ ਹੁੰਦੇ ਹੋਏ ਆਪਣੇ ਕਾਰਜਕਾਲ ਦੌਰਾਨ ਨਿੱਜੀ ਈ-ਮੇਲ ਸਰਵਰ ਦੀ ਵਰਤੋਂ ਲਈ ਹਮਲਾ ਬੋਲਿਆ ਸੀ। ਹਿਲੇਰੀ ਨੇ 33 ਮੇਲ ਡਿਲੀਟ ਕੀਤੀਆਂ ਸਨ। ਟਰੰਪ ਨੇ ਕਿਹਾ ਕਿ ਇਵਾਂਕਾ ਨੇ ਜੋ ਵੀ ਕੀਤਾ, ਉਹ ਸਭ ਕੁਝ ਰਿਕਾਰਡ ਵਿਚ ਹੈ।

## ਫੰਡਾਂ ਦੀ ਕਮੀ ਕਾਰਨ ਕੇਂਦਰ ਨੇ ਪੰਜਾਬ ਦੇ ਸੱਤ ਸੜਕੀ ਪ੍ਰੋਜੈਕਟ ਠੰਢੇ ਬਸਤੇ ਵਿੱਚ ਸੁੱਟੇ



ਚੰਡੀਗੜ੍ਹ, 21 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਸੱਤ ਰੋਡ ਪ੍ਰੋਜੈਕਟਾਂ ਨੂੰ ਕੇਂਦਰ ਸਰਕਾਰ ਨੇ ਠੰਢੇ ਬਸਤੇ ਵਿੱਚ ਸੁੱਟ ਦਿੱਤਾ ਹੈ। ਇਨ੍ਹਾਂ ਰੋਡ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੂੰ ਖੁਦ ਪੱਤਰ ਲਿਖ ਕੇ ਕਿਹਾ ਸੀ। ਮੁੱਖ ਮੰਤਰੀ ਨੇ ਕਿਹਾ ਸੀ ਕਿ ਇਨ੍ਹਾਂ ਸੱਤ ਰੋਡ ਪ੍ਰੋਜੈਕਟਾਂ ਨੂੰ ਨੈਸ਼ਨਲ ਹਾਈਵੇ ਪ੍ਰੋਜੈਕਟ ਬਣਾ ਕੇ ਇਸ ਦੇ ਫੰਡ ਦਿੱਤੇ ਜਾਣ ਤੇ ਜਲਦੀ ਕੰਮ ਸ਼ੁਰੂ ਕੀਤਾ ਜਾਏ।

ਮਿਲੀ ਜਾਣਕਾਰੀ ਅਨੁਸਾਰ ਜਿਹੜੇ ਪ੍ਰੋਜੈਕਟ ਪਾਸ ਨਹੀਂ ਹੋਏ, ਉਨ੍ਹਾਂ ਵਿੱਚ ਪਟਿਆਲਾ-ਪਾਤੜਾਂ ਮੇਨ ਰੋਡ ਨੱਬੇ ਕਿਲੋਮੀਟਰ ਅਤੇ ਦੂਸਰਾ 32 ਕਿਲੋਮੀਟਰ ਲੰਬਾ ਲਾਂਡਰਾ-ਸਰਹਿੰਦ ਰੋਡ ਹੈ। ਤੀਸਰਾ ਗੁਰਦਾਸਪੁਰ-ਹਰਗੋਬਿੰਦਪੁਰ ਰੋਡ ਦਾ ਪ੍ਰਾਜੈਕਟ 40 ਕਿਲੋਮੀਟਰ ਅਤੇ ਬਿਆਸ-ਮਹਿਤਾ ਬਟਾਲਾ ਰੋਡ 35 ਕਿਲੋਮੀਟਰ ਹੈ। ਇਸ ਦੇ ਨਾਲ ਲੁਧਿਆਣਾ-ਰਾਹੋਂ ਰੋਡ ਅਤੇ ਕਪੂਰਥਲਾ-ਨਕੋਦਰ-ਫਿਲੌਰ ਅਤੇ ਕਪੂਰਥਲਾ-ਕਰਤਾਰਪੁਰ-ਆਦਮਪੁਰ ਰੋਡ ਹੈ। ਅਜੇ ਇਹ ਸਿੰਗਲ ਰੋਡਸ ਹਨ, ਪਰ ਸੂਬਾ ਸਰਕਾਰ ਨੇ ਕੇਂਦਰ ਨੂੰ ਕਿਹਾ ਸੀ ਕਿ ਇਹ ਫੋਰ ਲੇਨ ਕਰ ਕੇ ਨੈਸ਼ਨਲ ਹਾਈਵੇ ਐਲਾਨਿਆ ਜਾਵੇ। ਕੇਂਦਰ ਸਰਕਾਰ ਕੋਲ ਇਨ੍ਹਾਂ ਪ੍ਰੋਜੈਕਟਾਂ ਲਈ ਫੰਡਾਂ ਦੀ ਕਮੀ ਹੋਣ ਕਾਰਨ ਇਸ ਸਾਲ ਇਨ੍ਹਾਂ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣੋਂ ਮਨ੍ਹਾ ਕਰ ਦਿੱਤਾ ਅਤੇ ਅਗਲੇ ਸਾਲ ਵੀ ਬਣਨ ਦੀ ਸੰਭਾਵਨਾ ਨਹੀਂ, ਕਿਉਂਕਿ ਅਗਲੇ ਸਾਲ ਲੋਕ ਸਭਾ ਚੋਣਾਂ ਹੋਣੀਆਂ ਹਨ। ਇਸ ਸਾਲ ਸਿਰਫ ਭੀਖੀ ਤੋਂ ਮੂਨਕ ਰੋਡ ਬਣੇਗੀ, ਜਿਸ ਦੀ ਲੰਬਾਈ ਲਗਭਗ 50 ਕਿਲੋਮੀਟਰ ਦੇ ਆਸਪਾਸ ਬਣਦੀ ਹੈ।

## ਹੁਣ ਚੈਨਲ ਦੀ ਫੀਸ ਬ੍ਰਾਡਕਾਸਟਰ ਤੈਅ ਕਰਨਗੇ



ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਟੀ ਵੀ ਗਾਹਕਾਂ ਲਈ ਖੁਸ਼ਖਬਰੀ ਹੈ ਕਿ 29 ਦਸੰਬਰ ਤੋਂ ਉਨ੍ਹਾਂ ਨੂੰ ਕੇਬਲ ਆਪਰੇਟਰਾਂ ਅਤੇ ਡੀ ਟੀ ਐਚ ਸੇਵਾ ਦੇਣ ਵਾਲਿਆਂ ਦੇ ਸੋਸ਼ਣ ਦਾ ਸ਼ਿਕਾਰ ਨਹੀਂ ਹੋਣਾ ਪਵੇਗਾ।

ਟੈਲੀਕਾਮ ਰੈਗੂਲੇਟਰੀ ਅਥਾਰਟੀ (ਟਰਾਈ) ਨੇ ਚੈਨਲਾਂ ਦੀ ਕੀਮਤ ਤੈਅ ਕਰਨ ਦਾ ਅਧਿਕਾਰ ਡਿਸਟ੍ਰੀਬਿਊਟਰਾਂ ਜਾਂ ਕੇਬਲ ਅਤੇ ਡੀ ਟੀ ਐਚ ਆਪਰੇਟਰਾਂ ਦੀ ਬਜਾਏ ਬਰਾਡਕਾਸਟਰਾਂ ਨੂੰ ਦੇ ਦਿੱਤਾ ਹੈ। ਇਸ ਦੇ ਨਾਲ ਹੀ ਕੇਬਲ ਅਤੇ ਡੀ ਟੀ ਐਚ ਆਪਰੇਟਰਾਂ ਨੂੰ ਕਿਹਾ ਹੈ ਕਿ ਉਹ ਗਾਹਕਾਂ ਨੂੰ ਸਿਰਫ 130 ਰੁਪਏ ਵਿੱਚ 100 ਫ੍ਰੀ ਟੂ ਏਅਰ ਚੈਨਲ ਉਪਲਬਧ ਕਰਵਾਉਣ ਅਤੇ ਸਿਰਫ ਪੇਡ ਜਾਂ ਪ੍ਰੀਮੀਅਮ ਚੈਨਲ ਦੇਖਣ ਦੇ ਇੱਛੁਕ ਗਾਹਕਾਂ ਤੋਂ ਵੱਧ ਫੀਸ ਵਸੂਲ ਕਰਨ। ਇਸ ਸਬੰਧੀ ਟਰਾਈ ਨੇ ਨਵੇਂ ਨਿਯਮ ਜਾਰੀ ਕੀਤੇ ਹਨ, ਜਿਹੜੇ 29 ਦਸੰਬਰ ਤੋਂ ਲਾਗੂ ਹੋਣਗੇ। ਨਵੇਂ ਨਿਯਮਾਂ ਅਨੁਸਾਰ ਇਲੈਕਟ੍ਰਾਨਿਕ ਯੂਜ਼ਰ ਗਾਈਡ ਵਿੱਚ ਹਰ ਚੈਨਲ ਦਾ ਵੱਧ ਤੋਂ ਵੱਧ ਰਿਟੇਲ ਮੁੱਲ, ਭਾਵ ਐਮ ਆਰ ਪੀ ਦੇਣਾ ਜ਼ਰੂਰੀ ਹੋਵੇਗਾ। ਇਸ ਨਾਲੋਂ ਵੱਧ ਪੈਸੇ ਵਸੂਲਣਾ ਨਾਜਾਇਜ਼ ਮੰਨਿਆ ਜਾਵੇਗਾ। ਇਸ ਦੀ ਉਲੰਘਣਾ ਕਰਨ ਵਾਲੇ ਕੇਬਲ ਆਪਰੇਟਰਾਂ ਅਤੇ ਸਰਵਿਸ ਪ੍ਰੋਵਾਈਡਰਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਟਰਾਈ ਦੇ ਪ੍ਰਧਾਨ ਆਰ ਐਸ ਸ਼ਰਮਾ ਮੁਤਾਬਕ ਨਵੇਂ ਨਿਯਮਾਂ ਦੇ ਬਾਅਦ ਕੋਈ ਕੇਬਲ ਆਪਰੇਟਰ ਜਾਂ ਡੀ ਟੀ ਐਚ ਕੰਪਨੀ ਗਾਹਕਾਂ ਉੱਤੇ ਜਬਰੀ ਪੈਕੇਜ ਨਹੀਂ ਥੋਪ ਸਕੇਗੀ। ਟਰਾਈ ਦੇ ਇਹ ਨਿਯਮ ਲਾਗੂ ਹੋਣ 'ਤੇ ਡਿਸਟ੍ਰੀਬਿਊਟਰਾਂ ਭਾਵ ਡੀ ਟੀ ਐਚ ਸਰਵਿਸ ਪ੍ਰੋਵਾਈਡਰਾਂ ਅਤੇ ਕੇਬਲ ਆਪਰੇਟਰਾਂ ਦੀ ਚੈਨਲਾਂ ਦੇ ਬਰਾਡਕਾ-ਸਟਰ ਆਪਣੇ ਚੈਨਲਾਂ ਦੀ ਵੱਧ ਤੋਂ ਵੱਧ ਰਿਟੇਲ ਕੀਮਤ ਤੈਅ ਕਰਨ ਦੇ ਜ਼ਿੰਮੇਵਾਰ ਹੋਣਗੇ। ਕੋਈ ਡੀ ਟੀ ਐਚ ਸਰਵਿਸ ਪ੍ਰੋਵਾਈਡਰ ਜਾਂ ਕੇਬਲ ਆਪਰੇਟਰ ਐਮ ਆਰ ਪੀ ਤੋਂ ਵੱਧ ਕੀਮਤ ਨਹੀਂ ਲੈ ਸਕੇਗਾ। ਜਾਣਕਾਰਾਂ ਮੁਤਾਬਕ ਨਵੇਂ ਨਿਯਮਾਂ ਤਹਿਤ ਗਾਹਕਾਂ ਨੂੰ 130 ਰੁਪਏ 'ਚ ਸਟੈਂਡਰਡ ਡੈਫੀਨੇਸ਼ਨ (ਐਸ ਡੀ) ਵਾਲੇ 100 ਫ੍ਰੀ ਟੂ ਏਅਰ ਚੈਨਲ ਵੇਖਣ ਨੂੰ ਮਿਲਣਗੇ। ਇਨ੍ਹਾਂ 'ਚ ਦੂਰਦਰਸ਼ਨ, ਸਟਾਰ ਭਾਰਤ ਤੇ ਜ਼ੀ ਅਨਮੋਲ ਵਰਗੇ ਅਨੇਕ ਚੈਨਲ ਸ਼ਾਮਲ ਹਨ। ਉਨ੍ਹਾਂ ਨੂੰ ਹਾਈ ਡੈਫੀਨੇਸ਼ਨ ਭਾਵ ਐਚ ਡੀ ਚੈਨਲ ਵੇਖਣ ਲਈ ਵੱਧ ਫੀਸ ਅਦਾ ਕਰਨੀ ਹੋਵੇਗੀ। ਡੀ ਟੀ ਐਚ ਤੇ ਕੇਬਲ ਆਪਰੇਟਰ ਇਨ੍ਹਾਂ ਚੈਨਲਾਂ ਨੂੰ ਆਪਣੇ ਹਿਸਾਬ ਨਾਲ ਕਲੱਬ ਕਰ ਕੇ ਵੱਖ-ਵੱਖ ਤਰ੍ਹਾਂ ਪੈਕੇ ਬਣਾ ਸਕਦੇ ਹਨ, ਪਰ ਫ੍ਰੀ ਚੈਨਲਾਂ ਨੂੰ ਪੇਅ ਚੈਨਲਾਂ ਨਾਲ ਨਹੀਂ ਜੋੜ ਸਕਣਗੇ।

## ਭਾਰਤ ਨੇ ਰੂਸ ਨਾਲ ਇੱਕ ਹੋਰ ਰੱਖਿਆ ਸੌਦਾ ਕਰ ਲਿਆ

ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵੱਲੋਂ ਪਾਬੰਦੀਆਂ ਦੀ ਚਿਤਾਵਨੀ ਭੁਲਾ ਕੇ ਭਾਰਤ ਪੁਰਾਣੇ ਮਿੱਤਰ ਰੂਸ ਦੇ ਨਾਲ ਲਗਾਤਾਰ ਰੱਖਿਆ ਸੌਦੇ ਕਰੀ ਜਾ ਰਿਹਾ ਹੈ। ਕੱਲ੍ਹ ਭਾਰਤ ਤੇ ਰੂਸ ਨੇ ਤਕਨੀਕ ਤਬਾਦਲਾ ਖਰੜੇ ਦੇ ਤਹਿਤ ਭਾਰਤੀ ਨੇਵੀ ਲਈ ਗੋਆ ਵਿੱਚ ਦੋ ਜੰਗੀ ਬੇੜਿਆਂ ਵਾਸਤੇ 50 ਲੱਖ ਡਾਲਰ ਦੇ ਸੌਦੇ ਉੱਤੇ ਹਸਤਾਖਰ ਕੀਤੇ। ਰੱਖਿਆ ਖੇਤਰ ਦੀ ਕੰਪਨੀ ਗੋਆ ਸ਼ਿਪਯਾਰਡ ਲਿਮਟਿਡ (ਜੀ ਐਸ ਐਲ) ਤੇ ਰੂਸ ਦੀ ਸਰਕਾਰੀ ਰੱਖਿਆ ਕੰਪਨੀ ਰੋਸੋਬੋਰੋਨ ਐਕਸਪੋਰਟ ਵਿਚਾਲੇ ਪ੍ਰੋਜੈਕਟ ਦਾ ਸਮਝੌਤਾ ਕੀਤਾ ਗਿਆ ਹੈ। ਇਸ ਸੌਦੇ ਦੇ ਤਹਿਤ ਰੂਸ ਭਾਰਤ ਵਿੱਚ ਜੰਗੀ ਬੇੜੇ ਬਣਾਉਣ ਲਈ ਜੀ ਐਸ ਐਲ ਨੂੰ ਡਿਜ਼ਾਈਨ, ਤਕਨੀਕੀ ਅਤੇ ਕੁਝ ਸਮੱਗਰੀ ਪ੍ਰਦਾਨ ਕਰੇਗਾ। ਜੀ ਐਸ ਐਲ ਦੇ ਸੀ ਐਮ ਡੀ ਸ਼ੇਖਰ ਮਿੱਤਲ ਨੇ ਦੱਸਿਆ, ਅਸੀਂ ਗੋਆ ਵਿੱਚ ਦੋ ਜੰਗੀ ਬੇੜੇ ਬਣਾਉਣ ਲਈ ਰੂਸ ਨਾਲ ਪੰਜਾਹ ਕਰੋੜ ਡਾਲਰ ਦੇ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਹੈ।

## ਏ ਵਨ ਫਾਰਮਿੰਗ ਇੰਡੀਆ ਦੇ ਐਮ ਡੀ ਦੀ ਪਤਨੀ ਗ੍ਰਿਫਤਾਰ



ਬਠਿੰਡਾ, 21 ਨਵੰਬਰ (ਪੋਸਟ ਬਿਊਰੋ)- ਮੱਝ-ਬੱਕਰੀ ਆਦਿ ਪਸ਼ੂਆਂ ਦੇ ਧੰਦੇ ਨਾਲ ਪੰਜ ਸਾਲ ਵਿੱਚ ਪੈਸਾ ਡਬਲ ਕਰਨ ਦਾ ਝਾਂਸਾ ਦੇ ਕੇ ਸੱਤਰ ਲੋਕਾਂ ਤੋਂ ਕੁੱਲ ਮਿਲਾ ਕੇ 20 ਕਰੋੜ ਰੁਪਏ ਠੱਗਣ ਵਾਲੀ ਏ-ਵੰਨ ਫਾਰਮਿੰਗ ਇੰਡੀਆ ਲਿਮਟਿਡ ਅਤੇ ਟਰੁਥ-ਵੇਅ ਕੰਪਨੀ ਦੇ ਐੱਮ ਡੀ ਰਾਜਵਿੰਦਰ ਸਿੰਘ ਦੀ ਪਤਨੀ ਬੱਗੀ ਕੌਰ ਨੂੰ ਕੱਲ੍ਹ ਬਠਿੰਡਾ ਪੁਲਸ ਨੇ ਰੋਪੜ ਤੋਂ ਗ੍ਰਿਫਤਾਰ ਕਰ ਲਿਆ। ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਥਾਣਾ ਸਿਵਲ ਲਾਈਨ ਪੁਲਸ ਨੇ 19 ਅਪ੍ਰੈਲ ਨੂੰ ਫੂਲ ਮੰਡੀ ਦੀ ਜਸਵਿੰਦਰ ਕੌਰ ਦੇ ਬਿਆਨ ਉੱਤੇ ਐੱਮ ਡੀ ਰਾਜਵਿੰਦਰ ਸਿੰਘ ਵਾਸੀ ਚੰਦਸਰ ਬਸਤੀ, ਉਸ ਦੀ ਪਤਨੀ ਬੱਗੀ ਕੌਰ, ਰਿੰਕੂ ਅਤੇ ਸੁਖਪਾਲ ਸਿੰਘ ਦੇ ਖਿਲਾਫ ਧਾਰਾ 420 ਅਤੇ 120ਬੀ ਦਾ ਕੇਸ ਦਰਜ ਕੀਤਾ ਸੀ। ਇਸ ਦੇ ਬਾਅਦ ਦੋਸ਼ੀ ਫਰਾਰ ਹੋ ਗਏ ਤੇ ਉਨ੍ਹਾਂ ਨੇ ਆਪਣੇ ਮੋਬਾਈਲ ਨੰਬਰ ਤੱਕ ਬੰਦ ਕਰ ਦਿੱਤੇ ਸਨ। ਇਹ ਮਾਮਲਾ ਚਿਟਫੰਡ ਕੰਪਨੀਆਂ ਖਿਲਾਫ ਸੰਘਰਸ਼ ਕਰਨ ਵਾਲੀ ਇਨਸਾਫ ਲਹਿਰ ਪੰਜਾਬ ਵੱਲੋਂ ਕੀਤੇ ਸੰਘਰਸ਼ ਦੇ ਬਾਅਦ ਪੁਲਸ ਨੇ ਦਰਜ ਕੀਤਾ ਸੀ। ਕੱਲ੍ਹ ਪੁਲਸ ਨੂੰ ਪਤਾ ਲੱਗਾ ਕਿ ਰਾਜਵਿੰਦਰ ਸਿੰਘ ਦੀ ਪਤਨੀ ਬੱਗੀ ਕੌਰ ਰੋਪੜ ਵਿੱਚ ਇੱਕ ਕਿਰਾਏ ਦੇ ਮਕਾਨ 'ਚ ਰਹਿ ਰਹੀ ਹੈ। ਉਸ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਬਠਿੰਡਾ ਲੈ ਗਈ। ਇਨਸਾਫ ਲਹਿਰ ਪੰਜਾਬ ਦੇ ਚੇਅਰਮੈਨ ਗੁਰਭੇਜ ਸਿੱਧੂ ਨੇ ਦੱਸਿਆ ਕਿ ਰਾਜਵਿੰਦਰ ਸਿੰਘ ਨੇ ਏ ਵੰਨ ਫਾਰਮਿੰਗ ਇੰਡੀਆ ਲਿਮਟਿਡ ਚਿਟ ਫੰਡ ਕੰਪਨੀ ਬਣਾ ਕੇ ਬਠਿੰਡਾ ਸਮੇਤ ਆਸਪਾਸ ਦੇ ਜ਼ਿਲ੍ਹਿਆਂ ਦੇ ਸੱਤਰ ਦੇ ਕਰੀਬ ਲੋਕਾਂ ਤੋਂ ਪੰਜ ਸਾਲ ਵਿੱਚ ਪੈਸਾ ਡਬਲ ਕਰਨ ਦਾ ਝਾਂਸਾ ਦੇ ਕੇ ਕਰੀਬ 20 ਕਰੋੜ ਰੁਪਏ ਠੱਗੇ ਸਨ। ਐੱਮ ਡੀ ਰਾਜਵਿੰਦਰ ਸਿੰਘ ਨੇ ਲੋਕਾਂ ਨੂੰ ਲਾਲਚ ਦਿੱਤਾ ਕਿ ਉਹ ਉਨ੍ਹਾਂ ਦੇ ਨਿਵੇਸ਼ ਕੀਤੇ ਪੈਸਿਆਂ ਨਾਲ ਭੇਡ, ਬੱਕਰੀ, ਮੱਝਾਂ ਤੇ ਮੱਛੀ ਪਾਲਣ ਕਰਵਾਏਗਾ ਅਤੇ ਉਕਤ ਧੰਦੇ ਤੋਂ ਹੋਏ ਪ੍ਰਾਫਿਟ ਵਿੱਚੋਂ ਪੰਜ ਸਾਲ ਬਾਅਦ ਉਨ੍ਹਾਂ ਦੀ ਦਿੱਤੀ ਗਈ ਰਾਸ਼ੀ ਡਬਲ ਕਰ ਦੇਵੇਗਾ, ਪਰ ਸਾਲ 2012 ਵਿੱਚ ਕੰਪਨੀ ਸ਼ੁਰੂ ਕਰਨ ਵਾਲਾ ਐੱਮ ਡੀ ਰਾਜਵਿੰਦਰ ਸਿੰਘ ਡੇਢ ਸਾਲ ਦੇ ਬਾਅਦ ਪਰਵਾਰ ਸਮੇਤ ਗਾਇਬ ਹੋ ਗਿਆ ਅਤੇ ਦਫਤਰ ਨੂੰ ਤਾਲੇ ਲਗਾ ਦਿੱਤੇ।

## ਬਸਪਾ ਨੂੰ ਕਾਂਗਰਸ ਖਤਮ ਕਰਨਾ ਚਾਹੁੰਦੀ ਸੀ: ਮਾਇਆਵਤੀ

ਭੋਪਾਲ, 21 ਨਵੰਬਰ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਬੀਬੀ ਮਾਇਆਵਤੀ ਨੇ ਕੱਲ੍ਹ ਦੋਸ਼ ਲਾਇਆ ਕਿ ਕਾਂਗਰਸ ਪਾਰਟੀ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਦੇ ਨਾਲ ਗੱਠਜੋੜ ਕਰਕੇ ਇਸ ਨੂੰ ਖਤਮ ਕਰ ਦੇਣਾ ਚਾਹੁੰਦੀ ਸੀ, ਪਰ ਮੈਂ ਅਜਿਹਾ ਹੋਣ ਤੋਂ ਰੋਕ ਲਿਆ ਹੈ।

ਕੱਲ੍ਹ ਮਾਇਆਵਤੀ ਨੇ ਮੱਧ ਪ੍ਰਦੇਸ਼ ਵਿੱਚ 28 ਨਵੰਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਾਸਤੇ ਪਾਰਟੀ ਉਮੀਦਵਾਰਾਂ ਲਈ ਚੋਣ ਪ੍ਰਚਾਰ ਵਿੱਚ ਇਥੇ ਭੇਲ ਦੁਸਹਿਰਾ ਮੈਦਾਨ ਵਿੱਚ ਜਲਸੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 'ਮੱਧ ਪ੍ਰਦੇਸ਼ ਵਿੱਚ ਕਾਂਗਰਸ ਦੀ ਸਥਿਤੀ ਕਮਜ਼ੋਰ ਹੈ, ਇਸ ਲਈ ਉਸ ਨੇ ਬਸਪਾ ਨਾਲ ਗੱਠਜੋੜ ਦੀ ਕੋਸ਼ਿਸ਼ ਕੀਤੀ ਸੀ।' ਉਨ੍ਹਾਂ ਨੇ ਕਿਹਾ, 'ਗੱਠਜੋੜ ਦੀ ਆੜ ਵਿੱਚ ਕਾਂਗਰਸ ਸੋਚੀ ਸਮਝੀ ਰਣਨੀਤੀ ਤੇ ਸਾਜ਼ਿਸ਼ ਤਹਿਤ ਸਾਨੂੰ ਬਹੁਤ ਘੱਟ ਸੀਟਾਂ ਦੇ ਕੇ ਬਸਪਾ ਨੂੰ ਖਤਮ ਕਰਨਾ ਚਾਹੁੰਦੀ ਸੀ। ਇਸ ਪਿੱਛੋਂ ਪਾਰਟੀ ਨੇ ਪ੍ਰਦੇਸ਼ ਵਿੱਚ ਇਕੱਲੇ ਚੋਣ ਲੜਨ ਦਾ ਫੈਸਲਾ ਲਿਆ।' ਉਨ੍ਹਾਂ ਦਾਅਵਾ ਕੀਤਾ ਕਿ ਬਸਪਾ ਦੀ ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਸਮੇਤ ਹੋਰ ਰਾਜਾਂ ਵਿੱਚ ਪਕੜ ਮਜ਼ਬੂਤ ਹੋਈ ਹੈ। ਕਾਂਗਰਸ ਘਬਰਾਈ ਹੋਈ ਹੈ ਅਤੇ ਗੱਠਜੋੜ ਨਾ ਹੋਣ ਲਈ ਬਸਪਾ 'ਤੇ ਦੋਸ਼ ਲਾ ਰਹੀ ਹੈ। ਮਾਇਆਵਤੀ ਨੇ ਇਹ ਨਹੀਂ ਦੱਸਿਆ ਕਿ ਗੱਠਜੋੜ ਕਰਨ ਲਈ ਕਾਂਗਰਸ ਉਨ੍ਹਾਂ ਨੂੰ ਕੁੱਲ ਕਿੰਨੀਆਂ ਸੀਟਾਂ ਦੇ ਰਹੀ ਸੀ।

## ਖਹਿਰਾ ਧੜੇ ਨੇ ਆਮ ਆਦਮੀ ਪਾਰਟੀ ਨਾਲ ਏਕਤਾ ਦੀ ਪ੍ਰਕਿਰਿਆ ਰੱਦ ਕੀਤੀ

ਚੰਡੀਗੜ੍ਹ, 21 ਨਵੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਸਸਪੈਂਡ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ 'ਆਪ' ਪਾਰਟੀ ਨਾਲ ਏਕਤਾ ਤੇ ਸਮਝੌਤੇ ਦੀਆਂ ਸਭ ਸੰਭਾਵਨਾਵਾਂ ਛੱਡ ਦਿੱਤੀਆਂ ਹਨ ਤੇ ਵੱਖਰੇ ਤੌਰ 'ਤੇ ਗਤੀਵਿਧੀਆਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਖਹਿਰਾ ਧੜਾ ਦਸੰਬਰ 'ਚ ਇਨਸਾਫ ਮਾਰਚ ਕੱਢਣ ਦਾ ਪ੍ਰੋਗਰਾਮ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਇਸੇ ਮਹੀਨੇ ਦੇ ਪਹਿਲੇ ਹਫਤੇ ਚੰਡੀਗੜ੍ਹ ਦੌਰੇ ਤੋਂ ਅਗਲੇ ਦਿਨ ਕੋਰ ਕਮੇਟੀ ਨੇ ਪਾਰਟੀ ਵਿਧਾਇਕ ਦਲ ਦੇ ਸਾਬਕਾ ਆਗੂ ਸੁਖਪਾਲ ਸਿੰਘ ਖਹਿਰਾ ਅਤੇ ਕੰਵਰ ਸੰਧੂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਸਸਪੈਂਡ ਕਰ ਦਿੱਤਾ ਸੀ, ਜਿਸ ਤੋਂ ਬਾਅਦ ਪਾਰਟੀ ਨੇ ਲੋਕ ਸਭਾ ਲਈ ਪੰਜ ਉਮੀਦਵਾਰਾਂ ਦਾ ਵੀ ਐਲਾਨ ਕਰ ਦਿੱਤਾ ਹੈ। ਖਹਿਰਾ ਦਾ ਮੰਨਣਾ ਹੈ ਕਿ ਦਿੱਲੀ ਦਰਬਾਰ ਖਾਸ ਕਰਕੇ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਉਹ ਕਹਿੰਦੇ ਹਨ ਕਿ ਬਹੁਤ ਜ਼ਲੀਲ ਹੋ ਗਏ ਹਾਂ, ਹੋਰ ਪੱਗਾਂ ਨਹੀਂ ਲੁਹਾਈਆਂ ਜਾ ਸਕਦੀਆਂ। ਉਹ 'ਆਪ' ਤੋਂ ਬਾਗੀ ਹੋਏ ਆਗੂਆਂ ਅਤੇ ਹਮ ਖਿਆਲੀ ਪਾਰਟੀਆਂ ਨੂੰ ਇਕ ਮੰਚ 'ਤੇ ਇਕੱਠਾ ਕਰਨ ਦਾ ਯਤਨ ਕਰ ਰਹੇ ਹਨ। ਜੇ ਖਹਿਰਾ ਹਮ ਖਿਆਲੀ ਆਗੂਆਂ, ਖੱਬੇ ਪੱਖੀਆਂ ਤੇ ਹੋਰਨਾਂ ਪਾਰਟੀਆਂ ਦੇ ਆਗੂਆਂ ਨੂੰ ਇਕ ਮੰਚ 'ਤੇ ਇਕੱਠੇ ਕਰਨ ਵਿੱਚ ਸਫਲ ਹੋ ਜਾਂਦੇ ਹਨ ਤਾਂ ਉਹ ਦਸੰਬਰ ਵਿੱਚ ਤਲਵੰਡੀ ਸਾਬੋ ਤੋਂ ਇਨਸਾਫ ਮਾਰਚ ਸ਼ੁਰੂ ਕਰਨਗੇ।

## ਦੋ ਘੰਟੇ ਤੋਂ ਵੱਧ ਟੀ ਵੀ ਵੇਖਣ ਨਾਲ ਜਲਦੀ ਮੌਤ ਦਾ ਡਰ



ਲੰਡਨ, 21 ਨਵੰਬਰ (ਪੋਸਟ ਬਿਊਰੋ)- ਜੇ ਤੁਸੀਂ ਕਈ ਘੰਟੇ ਟੈਲੀਵਿਜ਼ਨ ਦੇਖਦੇ ਹੋ ਤਾਂ ਸਾਵਧਾਨ ਰਹੋ। ਇਸ ਆਦਤ ਦੇ ਨਾਲ ਜਲਦੀ ਮੌਤ ਹੋਣ ਬਾਰੇ ਇੱਕ ਨਵੀਂ ਖੋਜ ਤੋਂ ਖੁਲਾਸਾ ਹੋਇਆ ਹੈ।

ਬ੍ਰਿਟੇਨ ਦੀ ਗਲਾਸਗੋ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਤਿੰਨ ਲੱਖ 29 ਹਜ਼ਾਰ ਲੋਕਾਂ ਦੀ ਚਾਰ ਘੰਟੇ ਜਾਂ ਉਸ ਤੋਂ ਵੱਧ ਟੀ ਵੀ ਦੇਖਣ ਦੀ ਆਦਤ ਬਾਰੇ ਸਟੱਡੀ ਕੀਤੀ ਤਾਂ ਇਸ ਨਤੀਜੇ 'ਤੇ ਪਹੁੰਚੇ ਕਿ ਲੰਬਾ ਸਮਾਂ ਟੀ ਵੀ ਅੱਗੇ ਬੈਠਣ ਨਾਲ ਲੋਕਾਂ ਨੂੰ ਸਮੋਕਿੰਗ, ਡ੍ਰਿੰਕਿੰਗ ਅਤੇ ਗਲਤ ਖਾਣ-ਪੀਣ ਦੀ ਆਦਤ ਪੈ ਜਾਂਦੀ ਹੈ। ਇਸ ਨਾਲ ਲੋਕਾਂ ਵਿੱਚ ਹਾਰਟ ਦੀ ਬਿਮਾਰੀ ਦਾ ਖਤਰਾ ਵਧ ਜਾਂਦਾ ਹੈ। ਚਾਲੀ ਤੋਂ 69 ਸਾਲ ਦੀ ਉਮਰ ਦੇ ਵਿੱਚ ਕੀਤੀ ਸਟੱਡੀ ਵਿੱਚ ਜ਼ਿਆਦਾ ਲੋਕ ਗਰੀਬ ਖੇਤਰਾਂ ਦੇ ਰਹਿਣ ਵਾਲੇ ਹਨ। ਸਟੱਡੀ ਦੋ ਹਿੱਸਿਆਂ ਵਿੱਚ ਕੀਤੀ ਗਈ। ਇੱਕ ਉਹ, ਜੋ ਚਾਰ ਘੰਟੇ ਜਾਂ ਉਸ ਤੋਂ ਵੱਧ ਸਮਾਂ ਟੀ ਵੀ ਦੇਖਦੇ ਹਨ। ਦੂਸਰੇ ਉਹ, ਜੋ ਇਸ ਤੋਂ ਘੱਟ ਦੇਖਦੇ ਹਨ। ਸਭ ਤੋਂ ਤੰਦਰੁਸਤ ਜੀਵਨ ਸ਼ੈਲੀ ਵਾਲੇ ਲੋਕਾਂ ਨੇ ਆਪਣੇ ਟੀ ਵੀ ਸੈੱਟ ਨੂੰ ਦੋ ਘੰਟੇ ਦੋ ਮਿੰਟ ਦੇਖਿਆ, ਪਰ ਦੋ ਘੰਟੇ ਨੌਂ ਮਿੰਟ ਦੇਖਣ ਵਾਲੇ ਮਾਮੂਲੀ ਤੰਦਰੁਸਤ ਸਨ।

ਵਿਗਿਆਨੀਆਂ ਨੇ ਅਜਿਹੇ ਕਈ ਲੋਕਾਂ ਦੀ ਜਾਂਚ ਕੀਤੀ, ਜੋ ਰੋਜ਼ ਸੱਤ ਤੋਂ ਘੱਟ ਅਤੇ ਨੌਂ ਘੰਟੇ ਤੋਂ ਜ਼ਿਆਦਾ ਸੌਂਦੇ ਹਨ। ਨਤੀਜੇ ਦੱਸਦੇ ਹਨ ਕਿ ਉਹ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਨੀਂਦ ਲੈਂਦੇ ਹਨ। ਇਸ ਨਾਲ ਉਨ੍ਹਾਂ ਦੀ ਸਿਹਤ ਖਰਾਬ ਹੋ ਰਹੀ ਹੈ। ਹੋਰ ਕਾਰਨਾਂ ਵਿੱਚ ਮੋਟਾਪਾ, ਸਰੀਰਕ ਹਲਚਲ, ਸਿਗਰਟਨੋਸ਼ੀ, ਪੀਣੇ ਅਤੇ ਖਰਾਬ ਖਾਣ-ਪੀਣ ਵੀ ਸਾਹਮਣੇ ਆਏ। ਵਿਗਿਆਨੀਆਂ ਨੇ ਇਸ ਤੋਂ ਬਚਣ ਲਈ ਘਰ ਵਿੱਚ ਕਸਰਤ ਦੀ ਸਲਾਹ ਦਿੱਤੀ ਹੈ। ਸਟੱਡੀ ਵਿੱਚ ਜ਼ਿਆਦਾ ਟੀ ਵੀ ਦੇਖਣ ਵਾਲੇ ਇਸਤਰੀ-ਪੁਰਸ਼ਾਂ ਦੇ ਮੋਟਾਪੇ ਵਿੱਚ ਵਾਧਾ ਦੇਖਿਆ ਗਿਆ ਹੈ। ਹਫਤੇ ਵਿੱਚ ਪੰਜ ਘੰਟੇ ਜਾਂ ਉਸ ਤੋਂ ਘੱਟ ਸਮਾਂ ਟੀ ਵੀ ਦੇਖਣ ਵਾਲੇ ਲੋਕਾਂ ਦੇ ਮੁਕਾਬਲੇ 21 ਘੰਟੇ ਜਾਂ ਉਸ ਤੋਂ ਵੱਧ ਟੀ ਵੀ ਦੇਖਣ ਵਾਲੇ ਲੋਕਾਂ ਦੇ ਮੋਟਾਪੇ ਵਿੱਚ ਦੁੱਗਣਾ ਵਾਧਾ ਪਾਇਆ ਗਿਆ। ਸਟੱਡੀ ਵਿੱਚ ਆਖਰੀ ਨਤੀਜਾ ਇਹੀ ਸੀ ਕਿ ਟੀ ਵੀ ਦੇਖਣ ਦਾ ਸਮਾਂ ਅਤੇ ਨੀਂਦ ਦੀ ਮਿਆਦ ਜੀਵਨ ਸ਼ੈਲੀ ਦੇ ਲਈ ਸਭ ਤੋਂ ਜ਼ਿਆਦਾ ਖਤਰੇ ਭਰੇ ਮੰਨੇ ਗਏ।

ਲਗਾਤਾਰ ਢਾਈ ਘੰਟੇ ਜਾਂ ਉਸ ਤੋਂ ਵੱਧ ਸਮਾਂ ਟੀ ਵੀ ਦੇਖਣ ਨਾਲ 'ਪਲਮੋਨਰੀ ਐਂਬੋਲਿਸਮ' ਦਾ ਖਤਰਾ ਹੁੰਦਾ ਹੈ। ਇਸ ਨਾਲ ਪੈਰ ਦੀਆਂ ਨਸਾਂ ਵਿੱਚ ਬਲੱਡ ਕਲਾਟ ਹੋ ਜਾਂਦੇ ਹਨ, ਜਿਸ ਕਾਰਨ ਫੇਫੜਿਆਂ ਤੱਕ ਖੂਨ ਦਾ ਸੰਚਾਰ ਸਹੀ ਤਰ੍ਹਾਂ ਨਹੀਂ ਹੁੰਦਾ ਅਤੇ ਮੌਤ ਦਾ ਖਤਰਾ ਵਧ ਜਾਂਦਾ ਹੈ। ਖੋਜਕਾਰਾਂ ਨੇ ਇਸ ਆਦਤ ਨਾਲ ਮੋਟਾਪਾ, ਅੱਖਾਂ ਦੀ ਪ੍ਰੇਸ਼ਾਨੀ, ਸੁਭਾਅ ਦੇ ਚਿੜਚਿੜੇ ਹੋਣ ਅਤੇ ਹਾਰਟ ਦੀ ਬਿਮਾਰੀ ਬਹੁਤ ਤੇਜ਼ੀ ਨਾਲ ਪੈਦਾ ਹੋਣ ਦੇ ਖਤਰੇ ਦੱਸੇ ਹਨ। ਸਟੱਡੀ ਕਰਨ ਵਾਲੀ ਟੀਮ ਦੇ ਮੈਂਬਰ ਮਾਰਟੀਨੇਜ ਦਾ ਕਹਿਣਾ ਹੈ ਕਿ ਰੋਜ਼ਾਨਾ ਟੀ ਵੀ ਦੇਖਣ ਦਾ ਸਮਾਂ ਇੱਕ ਤੋਂ ਦੋ ਘੰਟੇ ਹੀ ਰੱਖਣਾ ਚਾਹੀਦਾ ਹੈ।

## ਅਣਪਛਾਤੇ ਵਾਹਨ ਦੀ ਟੱਕਰ ਨਾਲ ਇੱਕ ਜਣੇ ਦੀ ਮੌਤ



ਜਲੰਧਰ, 21 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਨਵੀਂ ਦਾਣਾ ਮੰਡੀ ਵਿਖੇ ਅਣਪਛਾਤੇ ਵਾਹਨ ਵੱਲੋਂ ਟੱਕਰ ਮਾਰੇ ਜਾਣ ਨਾਲ ਇੱਕ ਵਿਅਕਤੀ ਦੀ ਮੌਕੇ ਉੱਤੇ ਮੌਤ ਹੋ ਗਈ। ਮ੍ਰਿਤਕ ਵਿਅਕਤੀ ਦੀ ਪਛਾਣ ਅਸ਼ੋਕ ਕੁਮਾਰ (55) ਪੁੱਤਰ ਹੰਸ ਰਾਜ ਵਾਸੀ ਗਾਂਧੀ ਕੈਂਪ ਜਲੰਧਰ ਵਜੋਂ ਹੋਈ ਹੈ।

ਮਿਲ ਸਕੀ ਜਾਣਕਾਰੀ ਅਨੁਸਾਰ ਮ੍ਰਿਤਕ ਵਿਅਕਤੀ ਨਵੀਂ ਦਾਣਾ ਮੰਡੀ ਵਿਖੇ ਚਾਹ ਦੀ ਦੁਕਾਨ ਕਰਦਾ ਸੀ ਤੇ ਉਹ ਦੁਕਾਨ ਬੰਦ ਕਰ ਕੇ ਜਦ ਵਾਪਸ ਘਰ ਜਾ ਰਿਹਾ ਸੀ ਤਾਂ ਦੁਕਾਨ ਤੋਂ ਕੁਝ ਕੁ ਦੂਰੀ ਉੱਤੇ ਪਿੱਛੋਂ ਕੋਈ ਅਣਪਛਾਤਾ ਵਾਹਨ ਉਸ ਨੂੰ ਟੱਕਰ ਮਾਰ ਕੇ ਨਿਕਲ ਗਿਆ। ਇਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਮੌਕੇ 'ਤੇ ਥਾਣਾ ਡਵੀਜ਼ਨ ਨੰਬਰ ਦੋ ਦੇ ਏ ਐੱਸ ਆਈ ਹਰਜਿੰਦਰ ਸਿੰਘ ਪੁਲਸ ਪਾਰਟੀ ਸਮੇਤ ਪੁੱਜੇ। ਉਨ੍ਹਾ ਨੇ ਦੱਸਿਆ ਕਿ ਆਸਪਾਸ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇ ਆਧਾਰ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਮਲੇਸ਼ੀਆ ਵਿੱਚ ਜ਼ੀਰਾ ਦੇ ਨੌਜਵਾਨ ਵੱਲੋਂ ਖੁਦਕੁਸ਼ੀ



ਜ਼ੀਰਾ, 21 ਨਵੰਬਰ (ਪੋਸਟ ਬਿਊਰੋ)- ਮਲੇਸ਼ੀਆ ਗਏ ਹੋਏ ਨੌਜਵਾਨ ਨੇ ਉਥੇ ਖੁਦਕੁਸ਼ੀ ਕਰ ਲਈ ਹੈ, ਇਸ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਤੇ ਇਸ ਸੰਬੰਧ ਵਿੱਚ ਵੇਰਵੇ ਦੀ ਉਡੀਕ ਹੋ ਰਹੀ ਹੈ। ਇਸ ਦੌਰਾਨ ਮ੍ਰਿਤਕ ਕੁਲਵਿੰਦਰ ਸਿੰਘ (33) ਦੇ ਪਿਤਾ ਨਿਰੰਜਨ ਸਿੰਘ ਵਾਸੀ ਕੋਟ ਈਸੇ ਖਾਂ ਰੋਡ ਨੇ ਦੱਸਿਆ ਕਿ ਘਰ ਦੀ ਮਾਲੀ ਹਾਲਤ ਖਰਾਬ ਹੋਣ ਕਰਕੇ ਉਸ ਦਾ ਲੜਕਾ 2012 ਵਿੱਚ ਪਤਨੀ ਸੁਖਦੀਪ ਕੌਰ ਨਾਲ ਮਲੇਸ਼ੀਆ ਗਿਆ ਸੀ। ਕੁਝ ਸਮਾਂ ਪਹਿਲਾਂ ਉਸ ਦੀ ਪਤਨੀ ਪਰਵਾਰ ਨੂੰ ਮਿਲਣ ਲਈ ਜ਼ੀਰਾ ਵਾਪਸ ਆਈ ਸੀ। ਉਸ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਦੀ ਲਗਭਗ ਰੋਜ਼ ਉਨ੍ਹਾਂ ਨਾਲ ਗੱਲਬਾਤ ਹੁੰਦੀ ਸੀ ਅਤੇ ਉਸ ਨੇ ਕਦੇ ਕਿਸੇ ਪਰੇਸ਼ਾਨੀ ਬਾਰੇ ਨਹੀਂ ਦੱਸਿਆ ਸੀ। ਉਨ੍ਹਾਂ ਨੂੰ ਮਲੇਸ਼ੀਆ ਪੁਲਸ ਵੱਲੋਂ ਆਏ ਫੋਨ ਤੋਂ ਆਪਣੇ ਲੜਕੇ ਦੀ ਮੌਤ ਦਾ ਪਤਾ ਲੱਗਾ। ਉਸ ਨੇ ਦੱਸਿਆ ਕਿ ਮਲੇਸ਼ੀਆ ਪੁਲਸ ਨੇ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਦੀ ਲਾਸ਼ ਪਾਰਕ ਵਿੱਚ ਲੱਗੇ ਇਕ ਝੂਲੇ ਨਾਲ ਲਟਕ ਰਹੀ ਸੀ।

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

7 STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ
With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant
Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca
1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

# ਮੁਜ਼ਰਮਾਂ ਨੂੰ ਨਿਸ਼ਾਨਾ ਬਣਾਇਆ ਜਾਵੇ, ਬੇਕਸੂਰਾਂ ਨੂੰ ਨਹੀਂ

...ਪੰਨਾ 1 ਦਾ ਬਾਕੀ

3. ਹਥਿਆਰਾਂ ਦੀ ਸਮਗਲਿੰਗ ਰੋਕਣ ਲਈ ਸੀਬੀਐਸਏ ਟਾਸਕ ਫੋਰਸ ਕਾਇਮ ਕਰਨਾ : ਕੈਨੇਡਾ ਵਿੱਚ ਹੋਣ ਵਾਲੇ ਜੁਰਮ ਵਿੱਚੋਂ ਬਹੁਤਿਆਂ ਲਈ ਵਰਤੀਆਂ ਜਾਣ ਵਾਲੀਆਂ ਗੰਨਜ਼ ਸੰਗਠਿਤ ਜਥੇਬੰਦੀਆਂ ਰਾਹੀਂ ਸਮਗਲ ਕੀਤੀਆਂ ਜਾਂਦੀਆਂ ਹਨ। ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਸੀਬੀਐਸਏ ਫਾਇਰਆਰਮਜ਼ ਸਮਗਲਿੰਗ ਟਾਸਕ ਫੋਰਸ ਬਣਾਵੇਗੀ। ਇਹ ਟਾਸਕ ਫੋਰਸ ਮੂਹਰਲੀ ਕਤਾਰ ਦੇ ਅਧਿਕਾਰੀਆਂ ਵਿੱਚ ਵਾਧੇ ਦੀ ਨਿਗਰਾਨੀ ਕਰੇਗੀ, ਨਵੀਂ ਤਕਨਾਲੋਜੀ ਰਾਹੀਂ ਮੁਜਰਮਾਂ ਨੂੰ ਫੜ੍ਹੇਗੀ। ਇਸ ਤੋਂ ਇਲਾਵਾ ਸਰਹੱਦ ਦੇ ਦੋਵਾਂ ਪਾਸਿਆਂ ਉੱਤੇ ਕਾਨੂੰਨ ਲਾਗੂ ਕਰਵਾਉਣ ਲਈ ਸਮਗਲਿੰਗ ਦੇ ਰੂਟਜ਼ ਦੀ ਪਛਾਣ ਕਰੇਗੀ ਤੇ ਇਹ ਯਕੀਨੀ ਬਣਾਵੇਗੀ ਕਿ ਸਮਗਲਰਾਂ ਤੇ ਉਨ੍ਹਾਂ ਵੱਲੋਂ ਅੱਗੇ ਇਸ ਧੰਦੇ ਨੂੰ ਚਲਾਉਣ ਲਈ ਰੱਖੇ ਜਾਣ ਵਾਲਿਆਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਜਾ ਸਕੇ।

4. ਮਾਨਸਿਕ ਤੌਰ ਉੱਤੇ ਪਰੇਸ਼ਾਨ ਮਰੀਜ਼ਾਂ ਦੇ ਹਥਿਆਰਾਂ ਨੂੰ ਆਰਜ਼ੀ ਤੌਰ ਉੱਤੇ ਜ਼ਬਤ ਕਰਨਾ : ਇਹ ਯਕੀਨੀ ਬਣਾਉਣ ਬਹੁਤ ਜ਼ਰੂਰੀ ਹੈ ਕਿ ਮਾਨਸਿਕ ਤੌਰ ਉੱਤੇ ਅਸਥਿਰ ਵਿਅਕਤੀਆਂ ਦੀ ਹਥਿਆਰਾਂ ਤੱਕ ਪਹੁੰਚ ਨਾ ਹੋਵੇ। ਪ੍ਰੋਵਿੰਸਾਂ ਵੱਲੋਂ ਇਹ ਕਾਨੂੰਨ ਬਣਾਏ ਗਏ ਹਨ ਕਿ ਮਾਨਸਿਕ ਤੌਰ ਉੱਤੇ ਪਰੇਸ਼ਾਨ ਲੋਕਾਂ ਨੂੰ ਉਨ੍ਹਾਂ ਦੀ ਖੁਦ ਦੀ ਹਿਫਾਜ਼ਤ ਲਈ ਨਜ਼ਰਬੰਦ ਕੀਤਾ ਜਾਵੇ। ਪਰ ਜਿਨ੍ਹਾਂ ਕੋਲ ਹਥਿਆਰਾਂ ਸਬੰਧੀ ਲਾਇਸੰਸ ਹਨ ਉਨ੍ਹਾਂ ਨਾਲ ਕਿਸ ਤਰ੍ਹਾਂ ਨਜਿੱਠਿਆ ਜਾਵੇ ਇਸ ਬਾਰੇ ਵੀ ਪ੍ਰੋਵਿੰਸਾਂ ਨੇ ਪ੍ਰਬੰਧ ਕੀਤੇ ਹਨ। ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਪ੍ਰੋਵਿੰਸ਼ੀਅਲ ਮਾਨਸਿਕ ਸਿਹਤ ਕਾਨੂੰਨ ਤਹਿਤ ਨਜ਼ਰਬੰਦ ਹਥਿਆਰਾਂ ਦੇ ਮਾਲਕ ਦੇ ਹਥਿਆਰ ਤੁਰੰਤ ਜ਼ਬਤ ਕਰ ਲਏ ਜਾਣ। ਫਿਰ ਜਦੋਂ ਸਬੰਧਤ ਵਿਅਕਤੀ ਇਹ ਸਿੱਧ ਕਰ ਦੇਵੇ ਕਿ ਉਸ ਦੀ ਸਿਹਤ ਸਥਿਰ ਹੈ ਤਾਂ ਉਸ ਨੂੰ ਉਸ ਦੇ ਹਥਿਆਰ ਮੋੜ ਦਿੱਤੇ ਜਾਣ।

5. ਹਿੰਸਕ ਤੇ ਗੈਂਗ ਮੁਜਰਮਾਂ ਦੇ ਤਾਉਮਰ ਹਥਿਆਰ ਰੱਖਣ ਉੱਤੇ ਪਾਬੰਦੀ : ਗੰਨ ਸਬੰਧੀ ਕਾਨੂੰਨ ਮੁਜਰਮਾਂ ਨੂੰ ਨਿਸ਼ਾਨਾ ਬਣਾਉਣ ਲਈ ਹੁੰਦੇ ਹਨ ਨਾ ਕਿ ਕਾਨੂੰਨ ਦੀ ਪਾਲਣਾ ਕਰਨ ਵਾਲੇ ਗੰਨ ਮਾਲਕਾਂ ਲਈ। ਜਿਹੜੇ ਵਿਅਕਤੀ ਗੰਭੀਰ ਕਿਸਮ ਦੇ ਹਿੰਸਕ ਵਿਵਹਾਰ ਦਾ ਮੁਜ਼ਾਹਰਾ ਕਰਦੇ ਹਨ ਜਾਂ ਫਿਰ ਗੈਂਗ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ ਉਨ੍ਹਾਂ ਦਾ ਇਹ ਅਧਿਕਾਰ ਵੀ ਖੁੱਸ ਜਾਂਦਾ ਹੈ ਕਿ ਹਥਿਆਰ ਰੱਖਣ ਦੇ ਮਾਮਲੇ ਵਿੱਚ ਉਨ੍ਹਾਂ ਉੱਤੇ ਯਕੀਨ ਕੀਤਾ ਜਾਵੇਗਾ। ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਸਰਕਾਰ ਖੁਦ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਤੇ ਗੈਂਗ ਕ੍ਰਾਈਮਜ਼ ਵਿੱਚ ਹਿੱਸਾ ਲੈਣ ਵਾਲਿਆਂ ਦੇ ਤਾਉਮਰ ਹਥਿਆਰ ਰੱਖਣ ਉੱਤੇ ਪਾਬੰਦੀ ਲਾਵੇਗੀ।

6. ਜਿਨ੍ਹਾਂ ਯੂਜ਼ਰਜ਼ ਨੂੰ ਹਥਿਆਰ ਰੱਖਣ ਦੀ ਮਨਾਹੀ ਹੈ ਉਨ੍ਹਾਂ ਨੂੰ ਹਥਿਆਰ ਵੇਚਣ ਲਈ ਨਵੀਂ ਸਜ਼ਾ : ਜਦੋਂ ਅਦਾਲਤ ਇਹ ਫੈਸਲਾ ਕਰਦੀ ਹੈ ਕਿ ਕਿਸੇ ਵਿਅਕਤੀ ਵਿਸ਼ੇਸ਼ ਉੱਤੇ ਹਥਿਆਰ ਰੱਖਣ ਲਈ ਭਰੋਸਾ ਨਹੀਂ ਕੀਤਾ ਜਾ ਸਕਦਾ ਤਾਂ ਸਰਕਾਰ ਨੂੰ ਉਹ ਫੈਸਲਾ ਬਰਕਰਾਰ ਰੱਖਣਾ ਚਾਹੀਦਾ ਹੈ। ਕੋਈ ਵੀ ਵਿਅਕਤੀ ਜਿਹੜਾ ਇਹ ਜਾਣਦਿਆਂ ਹੋਇਆਂ ਵੀ ਕਿਸੇ ਨੂੰ ਹਥਿਆਰ ਵੇਚਦਾ ਹੈ ਜਿਸ ਉੱਤੇ ਹਥਿਆਰ ਰੱਖਣ ਲਈ ਪਾਬੰਦੀ ਲੱਗੀ ਹੋਈ ਹੈ ਤਾਂ ਉਹ ਵੀ ਜੁਰਮ ਦਾ ਭਾਗੀਦਾਰ ਹੈ। ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਅਜਿਹੇ ਵਿਅਕਤੀਆਂ ਨੂੰ ਵੀ ਗੰਭੀਰ ਸਜ਼ਾ ਹੋਵੇ ਤੇ ਉਨ੍ਹਾਂ ਦੇ ਖੁਦ ਦੇ ਵੀ ਤਾਉਮਰ ਹਥਿਆਰ ਰੱਖਣ ਉੱਤੇ ਪਾਬੰਦੀ ਲੱਗੇ।

7. ਗੰਨ ਕ੍ਰਾਈਮ ਨੂੰ ਹੱਲ ਕਰਨ ਲਈ ਪੁਲਿਸ ਦੇ ਹੱਥ ਮਜ਼ਬੂਤ ਕਰਨਾ : ਕੈਨੇਡਾ ਭਰ ਦੀਆਂ ਕਾਨੂੰਨ ਲਾਗੂ ਕਰਵਾਉਣ ਵਾਲੀਆਂ ਏਜੰਸੀਆਂ ਲਗਾਤਾਰ ਇਹ ਆਖਦੀਆਂ ਰਹੀਆਂ ਹਨ ਕਿ ਹਥਿਆਰਾਂ ਨਾਲ ਜੁੜੇ ਜੁਰਮ ਦੇ ਸਬੰਧ ਵਿੱਚ ਦੋਸ਼ ਸਿੱਧ ਕਰਨ ਵਿੱਚ ਉਨ੍ਹਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਐਂਡਰਿਊ ਸ਼ੀਅਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਇਨ੍ਹਾਂ ਹਾਲਾਤ ਨੂੰ ਸੁਧਾਰਨ ਲਈ ਕਦਮ ਚੁੱਕੇਗੀ ਤੇ ਹਥਿਆਰ ਉਤਪਾਦਕਾਂ ਨੂੰ ਹਥਿਆਰਾਂ ਨੂੰ ਟਰੇਸ ਕਰਨ ਦੀ ਸਮਰੱਥਾ ਵਾਲਾ ਬਣਾਉਣ ਲਈ ਹੱਲਾਸ਼ੇਰੀ ਦੇਵੇਗੀ ਤੇ ਇਹ ਵੀ ਪੱਕਾ ਕੀਤਾ ਜਾਵੇਗਾ ਕਿ ਆਰਸੀਐਮਪੀ ਕ੍ਰਾਈਮ ਲੈਬ ਵੀ ਪੂਰੀ ਤਰ੍ਹਾਂ ਸਮੇਂ ਦੇ ਹਾਣ ਦੀ ਹੋਵੇ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਵਿਅੰਗ

-ਪ੍ਰੋਫੈਸਰ ਜਸਵੰਤ ਸਿੰਘ ਗੰਡਮ

### ਮੁਰਦਾ ਬੋਲਿਆ ਖੱਫਣ ਨੂੰ ਪਾੜ ਕੇ ਜੀ

ਤੁਸੀਂ ਮਰਦੇ ਦੇਖੇ ਹੋਣਗੇ, ਅਸੀਂ ਵੀ ਦੇਖੇ ਹਨ। ਮਰੇ ਹੋਏ ਵੀ ਅਤੇ ਜਿਊਂਦੇ ਵੀ। ਮਰੇ ਹੋਏ ਮੜ੍ਹੀਆਂ 'ਚ ਸੜਦੇ ਤੇ ਜਿਊਂਦੇ ਜੀਅ ਮਰੇ ਹੋਏ ਆਪਣੀਆਂ ਲਾਸ਼ਾਂ ਮੋਢਿਆਂ ਉਪਰ ਚੁੱਕੀ ਸਸਕਾਰ ਦੀ ਉਡੀਕ ਕਰਦੇ। ਕੁਦਰਤੀ ਹੈ ਕਿ ਤੁਸੀਂ ਫਿਰ ਖੱਫਣ ਵੀ ਜ਼ਰੂਰ ਦੇਖੇ ਹੋਣਗੇ, ਅਸੀਂ ਵੀ ਦੇਖੇ ਹਨ। ਖੱਫਣ ਪਾਉਣ ਵਾਲੇ ਵੀ ਅਤੇ ਖੱਫਣ ਲਾਹੁਣ ਵਾਲੇ ਵੀ, ਭਾਵ ਖੱਫਣ ਚੋਰ ਵੀ। ਕੀ ਤੁਸੀਂ ਕਦੇ ਖੱਫਣ ਨੂੰ ਪਾੜ ਕੇ ਕੋਈ ਮੁਰਦਾ ਬੋਲਦਾ ਦੇਖਿਐ, ਸੁਣਿਐ? ਅਸੀਂ ਇੱਕ ਨਹੀਂ, ਸਗੋਂ ਕਈ ਦੇਖੇ, ਸੁਣੇ ਹਨ। ਆਓ, ਇਸ ਨਸਲ ਦੇ ਦਰਸ਼ਨ ਕਰੀਏ।

ਤੁਸੀਂ ਸਾਰੇ ਸਿਆਣੇ ਹੋ ਤੇ ਬਾਖੂਬੀ ਜਾਣਦੇ ਹੋ ਕਿ 'ਮੁਰਦਾ ਬੋਲੂ ਤਾਂ ਖੱਫਣ ਪਾੜੂ' ਪੰਜਾਬੀ ਦਾ ਅਖਾਣ ਹੈ। ਇਸ ਦਾ ਅਰਥ ਹੈ ਕਿ ਜਦ ਕੋਈ ਜਿਸ ਵੇਲੇ ਵੀ ਬੋਲੇ ਤਾਂ ਬੱਸ ਭੈੜਾ ਹੀ ਬੋਲੇ। ਕਈ ਸੱਜਣ ਅਜਿਹੇ ਹੁੰਦੇ ਹਨ ਕਿ ਉਨ੍ਹਾਂ ਦੇ ਆਉਣ ਨਾਲ ਬਹਾਰ ਆ ਜਾਂਦੀ ਹੈ, ਪਰ ਕਈ ਅਜਿਹੇ ਹੁੰਦੇ ਹਨ ਕਿ ਉਨ੍ਹਾਂ ਦੇ ਆਉਣ ਦੀ ਹਵਾੜ ਆ ਜਾਂਦੀ ਹੈ, ਅਜਿਹੀ ਸੜਿਆਂਦ ਛੱਡਦੇ ਹਨ ਕਿ ਇਉਂ ਲੱਗਦੈ, ਜਿਵੇਂ ਸਾਲਾਂ ਤੋਂ ਢੱਕੇ ਪਏ ਗਟਰ ਦਾ ਕਿਸੇ ਨੇ ਢੱਕਣ ਚੁੱਕ ਦਿੱਤਾ ਹੋਵੇ।

ਮੇਰਾ ਇੱਕ ਜਾਣਕਾਰ ਹੈ। ਅੱਗਿਉਂ ਉਸ ਦੀ ਇੱਕ ਜਾਣਕਾਰ ਹੈ। ਜੇ ਕਿਸੇ ਦੇ ਮਾੜੀ ਮੋਟੀ ਝਰੀਟ ਵੀ ਆ ਜਾਏ ਤੇ ਬਦਕਿਸਮਤੀ ਨਾਲ ਉਸ ਦੇ ਭੋਰਾ ਖੂਨ ਵਗਣ ਲੱਗ ਪਏ ਤਾਂ ਸਮਝੋ ਮੁਰਦਾ ਖੱਫਣ, ਚਿਖਾ ਦੀਆਂ ਲੱਕੜਾਂ ਤੇ ਉਪਰ ਪਾਈ ਸਾਰੀ ਸਮੱਗਰੀ ਸਮੇਤ ਸ਼ਮਸ਼ਾਨਘਾਟ 'ਚੋਂ ਭੁੜਕ ਕੇ ਬਾਹਰ ਭੱਜ ਪਿਆ। ਸਾਰੇ ਪਿੰਡ ਵਿੱਚ ਰੌਲਾ ਪੈ ਜਾਊ-ਹੈ ਹਾ, ਫਲਾਣੇ ਦੇ ਮੁੰਡੇ ਦਾ ਹੱਥ ਵੱਢਿਆ ਗਿਆ, ਖੂਨ ਨਾਲ ਲੱਥਪਥ ਹੋਏ ਨੂੰ ਹਸਪਤਾਲ ਲੈ ਗਏ, ਭਲਾ ਕਿਤੇ ਬਚਣੈ, ਭੈਣੇ ਖਬਰਸਾਰ ਲੈ ਆਓ। ਬਾਅਦ ਵਿੱਚ ਪਤਾ ਲੱਗਦਾ ਹੈ ਕਿ ਮੁੰਡੇ ਦੀ ਚੀਚੀ ਉਤੇ ਮਾੜੀ ਜਿਹੀ ਝਰੀਟ ਆਈ ਸੀ, ਜੋ ਘਰੇਲੂ ਓਹੜ-ਪੋਹੜ ਨਾਲ ਠੀਕ ਹੋ ਗਈ ਸੀ।

ਚਲੋ ਪਿੰਡੋਂ ਨਿਕਲ ਕੇ ਸ਼ਹਿਰ ਚਲਦੇ ਹਾਂ। ਇੱਕ ਮਿੱਤਰ ਦਫਤਰ ਵਿੱਚ ਨੌਕਰੀ ਲੱਗਾ। ਨੌਜਵਾਨ, ਪਤਲਾ ਪਤੰਗ, ਬੱਸ ਤੱਕਲਾ ਸਮਝੋ। ਜਿੰਮ ਵਿੱਚ ਖੂਬ ਪਸੀਨਾ ਵਹਾ ਕੇ ਸਰੀਰ ਕਮਾਇਆ। ਖੂਬਸੂਰਤ ਸਲਿਮ-ਟਰਿਮ ਪੀੜ੍ਹੀ 'ਚੋਂ ਸੀ, ਪਰ ਉਸ ਦਾ ਸੀਨੀਅਰ ਉਹੀ ਘਸੀ ਪਿਟੀ ਪੁਰਾਣੀ ਪੀੜ੍ਹੀ ਦਾ ਸੀ। ਦੇਖਦਿਆਂ ਹੀ ਬੋਲ ਉਠਿਆ, ''ਤੁਹਾਡੇ ਤੋਂ ਪਹਿਲਾਂ ਜੋ ਇਸ ਕੁਰਸੀ ਉਪਰ ਬੈਠਦਾ ਸੀ, ਉਹ ਤੁਹਾਡੇ ਨਾਲੋਂ ਵੀ ਸੁੱਕਾ ਸੀ, ਬੱਸ ਸੜਿਆ ਹੀ ਸਮਝੋ, ਸੜ-ਸੁੱਕ ਕੇ ਤੀਲਾ, ਜਿਵੇਂ ਕਦੇ ਰੱਜ ਕੇ ਖਾਣਾ ਨਾ ਨਸੀਬ ਹੋਇਆ ਹੋਵੇ।'' ਸਾਡੇ ਮਿੱਤਰ ਦਾ ਨਵੀਂ ਨਵੀਂ ਨੌਕਰੀ ਦਾ ਸਾਰਾ ਚਾਅ ਜਾਂਦਾ ਲੱਗਾ। ਉਸ ਦਾ ਦਿਲ ਕੀਤਾ ਕਿ ਸੀਨੀਅਰ ਦੇ ਸਿਰ 'ਚ ਕੁਰਸੀ ਵਗਾਹ ਮਾਰੇ, ਪਰ 'ਦਿਲ ਕੀ ਦਿਲ ਹੀ ਮਾਹਿ ਰਹੀਂ।'

ਸ਼ਹਿਰ ਦੇ ਇੱਕ ਹਸਪਤਾਲ ਚਲਦੇ ਹਾਂ। ਇੱਕ ਦੁਰਘਟਨਾ ਦਾ ਮਰੀਜ਼ ਦਾਖਲ ਹੈ, ਉਸ ਦੀ ਖਬਰ ਲੈਂਦੇ ਹਾਂ। ਇਹ ਕੀ? ਮਰੀਜ਼ ਕੋਲ ਪਹਿਲਾਂ ਹੀ ਇੱਕ 'ਸ਼ੁਭਚਿੰਤਕ' ਸੱਜਣ ਬੈਠਾ ਹੈ। ਜ਼ਰਾ ਉਸ ਦੀ ਤੀਮਾਰਦਾਰੀ ਦਾ ਹੌਂਸਲਾ ਵਧਾਊ ਢੰਗ ਦੇਖੋ: 'ਬੰਦਾ ਨਾ ਸ਼ਰਾਬ ਪੀਂਦੈ, ਨਾ ਗੱਡੀ ਤੇਜ਼ ਚਲਾਉਂਦੈ, ਫਿਰ ਤੈਥੋਂ ਗਲਤੀ ਕਿੱਦਾਂ ਹੋ ਗਈ ਐਕਸੀਡੈਂਟ ਦੀ? ਆਹ ਜਿਹੜੀ ਤੇਰੀ ਬਾਂਹ ਟੁੱਟੀ ਐ, ਇਹ ਤਾਂ ਠੀਕ ਨਹੀਂ ਹੋਣੀ, ਡਾਕਟਰਾਂ ਦਾ ਕੀ ਐ, ਪੈਸੇ ਬਟੋਰਨ ਦੇ ਮਾਰੇ ਲਾਰੇ ਲਾਉਂਦੇ ਰਹਿੰਦੇ ਐ। ਮੇਰੇ ਇੱਕ ਰਿਸ਼ਤੇਦਾਰ ਦੀ ਬਾਂਹ ਇਸ ਤਰ੍ਹਾਂ ਟੁੱਟ ਗਈ ਸੀ, ਲੱਖ ਇਲਾਜ ਦੇ ਬਾਵਜੂਦ ਵਿੰਗੀ ਦੀ ਵਿੰਗੀ ਰਹੀ, ਤੇਰਾ ਵੀ ਇਹੀ ਹਾਲ ਹੋਣੈ।'

ਲਉ, ਲੋਕਾਂ ਦੀਆਂ ਬਥੇਰੀਆਂ ਹੋ ਗਈਆਂ। ਸਾਡੀ ਸੁਣ ਲਓ। ਨਵਾਂ ਨਵਾਂ ਘਰ ਬਣਾਇਆ। ਸੋਹਣਾ ਇਲਾਕਾ ਸੀ। ਘਰ ਕੋਲ ਇੱਕ ਕਾਲਜ ਸੀ, ਧਾਰਮਿਕ ਅਸਥਾਨ ਸੀ। 'ਲੋਕੇਸ਼ਨ' ਪੁੱਛਣ ਲੱਗਾ ਤਾਂ ਪਤਾ ਨਹੀਂ ਸਾਡੇ ਅੰਦਰੋਂ ਕਦੋਂ ਖੱਫਣ ਪਾੜ ਕੇ ਮੁਰਦਾ ਬੋਲਣ ਲੱਗ ਪਿਆ, 'ਫਲਾਣੇ ਪਾਸਿਉਂ ਆਏਂਗਾ ਤਾਂ ਪਹਿਲਾਂ ਗੰਦਾ ਨਾਲਾ ਆਵੇਗਾ, ਫਿਰ ਸ਼ਮਸ਼ਾਨ ਘਾਟ ਅਤੇ ਆਖਰ ਵਿੱਚ ਇੱਕ ਕੂੜੇ ਦਾ ਢੇਰ, ਉਥੋਂ ਮੁੜ ਕੇ ਕਿਸੇ ਨੂੰ ਪੁੱਛ ਲਵੀਂ।'

ਸਾਨੂੰ ਉਦੋਂ ਪਤਾ ਲੱਗਾ, ਜਦ ਪਤਨੀ ਨੇ ਢਾਹ ਕਰ ਕੇ ਫੋਨ ਕੱਟ ਦਿੱਤਾ ਤੇ ਮੱਥੇ ਉਤੇ ਹੱਥ ਮਾਰ ਕੇ ਬੋਲੀ, 'ਮ੍ਰਿਤਕ ਨਾਲ ਵਿਵਾਹੀਐ ਸੋਹਾਗ ਨਾ ਥੀਐ।' ਇਹ ਸੁਣਦੇ ਸਾਰ ਸਾਨੂੰ ਉਕਤ ਮੁਹਾਵਰੇਦਾਰ ਸਿਰਲੇਖ ਇਕਦਮ ਚੇਤੇ ਆਇਆ, 'ਮੁਰਦਾ ਬੋਲਿਆ ਕੱਫੜ ਪਾੜ ਕੇ ਜੀ।'

## ਸੁਣ ਨੀ ਕੁੜੀਏ ਸੱਗੀ ਵਾਲੀਏ..

-ਪਰਮਜੀਤ ਕੌਰ ਸਰਹਿੰਦ

ਸਿਰ ਮੱਥੇ ਉਤੇ ਸ਼ਿੰਗਾਰ ਲਈ ਪੇਂਡੂ ਔਰਤਾਂ ਦਾ ਬਹੁ-ਚਰਚਿਤ ਤੇ ਬਹੁ-ਚਹੇਤਾ ਗਹਿਣਾ 'ਸੱਗੀ ਫੁੱਲ' ਰਿਹਾ ਹੈ। ਇਹ ਤਿੰਨ ਗਹਿਣਿਆਂ ਦਾ ਇਕੱਠ ਹੈ। ਭਾਵ ਇਕ ਸੱਗੀ ਤੇ ਦੋ ਫੁੱਲ। ਭਾਵੇਂ ਸੱਗੀ ਫੁੱਲਾਂ ਨਾਲ ਹੀ ਸੰਪੂਰਨ ਹੁੰਦੀ ਹੈ, ਪਰ ਆਮ ਤੌਰ 'ਤੇ ਇਕੱਲਾ ਸੱਗੀ ਕਹਿ ਲਿਆ ਜਾਂਦਾ ਹੈ ਤੇ ਇਹ ਸੱਗੀ ਫੁੱਲ ਦਾ ਪੂਰਕ ਹੋ ਨਿੱਬੜਦਾ ਹੈ। ਸੱਗੀ ਫੁੱਲ ਸਿਰ ਦੇ ਸ਼ਿੰਗਾਰ ਦਾ ਸੋਨੇ ਤੇ ਚਾਂਦੀ ਦੇ ਪੱਤਰੇ ਦਾ ਬਣਿਆ ਇਕ ਨਿੱਕੇ ਜਿਹੇ ਗੁੰਬਦ ਦੀ ਸ਼ਕਲ ਦਾ ਗਹਿਣਾ ਹੈ। ਸੁਹਾਗ ਦੇ ਪ੍ਰਤੀਕ ਇਸ ਗਹਿਣੇ ਦੀ ਸ਼ਕਲ ਖੋਪੇ ਦੀ ਮੂਧੀ ਮਾਰੀ ਠੂਠੀ ਵਰਗੀ ਕਹੀ ਜਾ ਸਕਦੀ ਹੈ। ਸੱਗੀ ਆਕਾਰ ਵਿੱਚ ਵੱਡੀ ਤੇ ਫੁੱਲ ਛੋਟੇ ਹੁੰਦੇ ਹਨ। ਇਨ੍ਹਾਂ ਤਿੰਨਾਂ ਦੀ ਬਣਤਰ ਇਕੋ ਜਿਹੀ ਹੁੰਦੀ ਹੈ, ਬਸ ਆਕਾਰ ਦਾ ਫਰਕ ਹੁੰਦਾ ਹੈ। ਚਾਂਦੀ ਦੇ ਪਤਲੇ ਪੱਤਰੇ 'ਤੇ ਸੋਨੇ ਦਾ ਪੱਤਰਾ ਚੜ੍ਹਾ ਕੇ ਸੱਗੀ ਫੁੱਲ ਬਣਾਏ ਜਾਂਦੇ ਹਨ, ਜੋ ਅੰਦਰੋਂ ਖੋਖਲੇ ਹੁੰਦੇ ਹਨ। ਸੱਗੀ ਫੁੱਲਾਂ ਦੇ ਸਿਰ ਉੱਤੇ ਨਿੱਕੀ ਜਿਹੀ ਡੋਡੀ ਹੁੰਦੀ। ਸੱਗੀ ਫੁੱਲਾਂ ਦੇ ਅੰਦਰ ਛੋਟੇ-ਛੋਟੇ ਕੁੰਡੇ ਬਣਾਏ ਹੁੰਦੇ ਹਨ, ਜਿਨ੍ਹਾਂ ਵਿੱਚ ਡੋਰ ਪਾ ਕੇ ਸੱਗੀ ਫੁੱਲ ਗੁੰਦੇ ਜਾਂਦੇ ਹਨ। ਸੱਗੀ ਪਾਉਣ ਨੂੰ 'ਸਿਰ ਗੁੰਦਣਾ' ਜਾਂ 'ਸਿਰ ਉਚਾ ਕਰਨਾ' ਕਿਹਾ ਜਾਂਦਾ। ਸੱਗੀ ਪਾਉਣੀ ਜਾਂ ਸਿਰ ਗੁੰਦਣਾ ਹਾਰੀ ਸਾਰੀ ਦਾ ਕੰਮ ਨਹੀਂ ਸੀ। ਵਿਆਹ ਵੇਲੇ ਜਾਂ ਉਂਜ ਤਿਓਹਾਰ 'ਤੇ ਪਿੰਜ ਦੀ ਨੈਣ ਜਾਂ ਝੂਰੀ ਸੱਗੀ ਗੁੰਦਦੀ। ਉਹ ਮੁਟਿਆਰਾਂ ਲਈ ਸਸਤਾ ਅਤੇ ਚਲਦਾ ਫਿਰਦਾ 'ਬਿਊਟੀ ਪਾਰਲਰ' ਹੁੰਦੀ।

ਸੱਗੀ ਦੇ ਅੰਦਰ ਉਪਰਲੇ ਸਿਰੇ ਲੱਗੇ ਕੁੰਡੇ ਵਿੱਚ ਕਾਲੀ ਟਸਰ ਦੀ ਵੱਟੀ ਹੋਈ ਡੋਰ ਜਾਂ ਦੂਹਰਾ ਕਰਕੇ ਕਾਲਾ ਫੀਤਾ ਪਾਇਆ ਜੰਦਾ। ਸਿੱਧੀ ਚੀਰਵੀਂ (ਚੀਰ) ਕੱਢ ਕੇ, ਸਿਰ ਵਿਚਕਾਰ ਕਰ ਕੇ ਸੱਗੀ ਟਿਕਾਈ ਜਾਂਦੀ ਤੇ ਕੰਨਾਂ ਤੋਂ ਜ਼ਰਾ ਉਪਰ ਜਾਂ ਥੋੜ੍ਹੇ ਪਿੱਛੇ ਹਟਵੇਂ ਫੁੱਲਾਂ ਦੇ ਅੰਦਰ ਲੱਗੇ ਚਾਂਦੀ ਦੇ ਕੁੰਡੇ ਵਿੱਚੋਂ ਉਹੀ ਡੋਰ ਜਾਂ ਫੀਤਾ ਪਾਇਆ ਜਾਂਦਾ। ਸੱਗੀ ਵਾਲੀ ਡੋਰ ਦੋਵੇਂ ਪਾਸੇ ਦੇ ਫੁੱਲਾਂ ਵਿੱਚੋਂ ਦੋਵੇਂ ਸਿਰਿਆਂ ਤੋਂ ਲੰਘਾ ਕੇ ਕੇਸਾਂ ਵਿੱਚ ਰਲਾ ਲਈ ਜਾਂਦੀ ਅਤੇ ਗੁੱਤ ਨਾਲ ਗੁੰਦੀ ਜਾਂਦੀ। ਡੋਰ ਨਾਲ ਸੱਗੀ ਫੁੱਲ ਸਿਰ ਉੱਤੇ ਕੱਸੇ ਜਾਂਦੇ ਤੇ ਟਿਕੇ ਰਹਿੰਦੇ। ਵਿਆਹ ਮੌਕੇ ਲਾਲ ਰੰਗ ਦਾ ਪਰਾਂਦਾ ਪਾਇਆ ਜਾਂਦਾ। ਪੇਂਡੂ ਭਾਈਚਾਰੇ ਵਿੱਚ ਕਿਸੇ ਦੀ ਬਹੁਤੀ ਨੇੜਤਾ ਦੇਖ ਕੇ ਆਮ ਹੀ ਕਿਹਾ ਜਾਂਦਾ ਹੈ ਕਿ 'ਇਹ ਤਾਂ ਸੱਗੀ ਨਾਲ ਪਰਾਂਦਾ ਹੈ।' ਲਾਲ ਪਰਾਂਦੇ ਦਾ ਜ਼ਿਕਰ ਆਸਾ ਸਿੰਘ ਮਸਤਾਨਾ ਦੇ ਗਾਏ ਪੰਜਾਬੀ ਗੀਤ ਵਿੱਚ ਵੀ ਮਿਲਦਾ ਹੈ:

ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ
ਰੂਪ ਦੀਏ ਰਾਣੀਏਂ ਤੂੰ ਰੂਪ ਨੂੰ ਸੰਭਾਲ ਨੀਂ..

ਗੁੱਤ ਤੇ ਲਾਲ ਪਰਾਂਦੀ ਦਾ ਜ਼ਿਕਰ ਪੰਨਾ ਲਾਲ ਪਟੇਲ ਦੇ ਲਿਖੇ ਅਤੇ ਅੰਮ੍ਰਿਤਾ ਪ੍ਰੀਤਮ ਦੇ ਅਨੁਵਾਦ ਕੀਤੇ ਬਹੁਤ ਹੀ ਉਦਾਸ ਗੁਜਰਾਤੀ ਨਾਵਲ 'ਜੀਵੀ' ਵਿੱਚ ਮਿਲਦਾ ਹੈ। ਨਾਵਲ ਦੇ ਨਾਇਕ ਕਾਨ੍ਹ ਜੀ ਦੇ ਮੂੰਹੋਂ ਗਾਏ ਦਿਲ ਟੁੰਬਵੇਂ ਦੋਹੇ ਰੂਹ 'ਚ ਉਤਰਦੇ ਜਾਂਦੇ ਹਨ:

ਅੱਖਾਂ ਮੇਰੀਆਂ ਬੌਰੀਆਂ,
ਲੰਬੀ ਗੁੱਤ ਦੀ ਆਸ
ਸੋਚਾਂ, ਆਵੇਗੀ ਕਦੋਂ,
ਆਪਣੀ ਬਾਰੀ ਪਾਸ
ਕਿਹੜੇ ਰਾਹ 'ਤੇ ਮਿਲੀ ਸੀ?
ਕਿਹੋ ਜਿਹੀ ਸੀ ਰੁੱਤ
ਦਿਲ ਨੂੰ ਵਲਦੀ ਪਈ ਏ,
ਲੰਮ ਸਲੰਮੀ ਗੁੱਤ
ਕੱਜਲ ਵਾਲੀ ਅੱਖ ਸੀ,
ਫੋਲਾ ਪੈ ਗਿਆ ਆਣ।
ਲਾਲ ਪਰਾਂਦੀ, ਲਾਲਸਾ,
ਸਭ ਕੁਝ ਧੁੰਦਲਾ ਜਾਣ।

ਅਜੋਕੇ ਸਮੇਂ ਸਟੇਜ ਸ਼ੋਅ ਵੇਲੇ ਘੱਗਰੇ ਕੁੜਤੀ ਦੇ ਨਾਲ ਦੇ ਰੰਗ ਦਾ ਪਰਾਂਦਾ ਪਾਇਆ ਜਾਂਦਾ ਹੈ, ਜਦੋਂ ਕਿ ਪੁਰਾਣੇ ਸਮੇਂ ਲਾਲ ਤੇ ਕਾਲਾ ਪਰਾਂਦਾ ਹੁੰਦਾ ਸੀ। ਕੁੜੀਆਂ ਕਾਲੀ ਟਸਰ ਸ਼ਹਿਰੋ ਮੰਗਵਾ ਕੇ ਆਪ ਵੀ ਬੜੀਆਂ ਸੋਹਣੀਆਂ ਡੋਰੀਆਂ ਬਣਾ ਲੈਂਦੀਆਂ ਸਨ। ਡੋਰੀ ਦੀਆਂ ਤਿੰਨਾਂ ਲੜੀਆਂ ਦੇ ਸਿਰੇ ਉਤੇ ਜਾਲੀ ਗੁੰਦ ਲੈਂਦੀਆਂ ਅਤੇ ਕਾਲੀ ਟਸਰ ਤੋਂ ਬਿਨਾਂ ਕਾਲੀ ਲੋਗੜੀ ਦੇ ਮੋਟੇ-ਮੋਟੇ ਫੁੰਦੇ ਜਾਂ ਗੋਲ ਲੱਡੂ ਜਿਹੇ ਬਣਾ ਕੇ ਲਾ ਲੈਂਦੀਆਂ ਜੋ ਬਹੁਤ ਖੂਬਸੂਰਤ ਲੱਗਦੇ। ਸੱਗੀ ਪਾਉਣਾ ਜਾਂ ਸਿਰ ਗੁੰਦਣਾ ਆਮ ਘਰੇਲੂ ਸੁਆਣੀਆਂ ਦੇ ਵੱਸ ਦਾ ਰੋਗ ਨਹੀਂ ਸੀ। ਜੇ ਸੱਗੀ ਦੀ ਡੋਰ ਜ਼ਰਾ ਵੱਧ ਕੱਸ ਲਈ ਜਾਂਦੀ ਤਾਂ ਪਹਿਨਣ ਵਾਲੀ ਦਾ ਸਿਰ ਦਰਦ ਕਰਨ ਲੱਗ ਜਾਂਦਾ। ਅੱਜ ਫੈਸ਼ਨ ਲਈ ਇਹ ਸੱਗੀ ਮੱਥੇ ਦੇ ਨੇੜੇ ਪਾਈ ਜਾਂਦੀ ਹੈ, ਪਰ ਇਸ ਦਾ ਅਸਰ ਥਾਂ ਸਿਰ ਦੇ ਵਿਚਕਾਰ ਸੀ। ਅਜਿਹੇ ਵੇਲੇ ਹੀ ਕੋਈ ਮੁਟਿਆਰ ਕਹਿ ਉਠਦੀ ਹੈ:



ਸਿਰ ਮੇਰਾ ਦੁਖਦਾ ਸੱਗੀ ਮੇਰੀ ਭਾਰੀ
ਹੌਲੀ-ਹੌਲੀ ਤੁਰਾਂ ਨੀਂ ਸ਼ਰਮ ਦੀ ਮਾਰੀ

ਸੱਗੀ ਫੁੱਲ ਵੀ ਸਾਰੀਆਂ ਮੁਟਿਆਰਾਂ ਨੂੰ ਨਸੀਬ ਨਹੀਂ ਹੁੰਦੇ ਸਨ, ਕਿਉਂਕਿ ਪੇਂਡੂ ਕਿਸਾਨ ਤਬਕਾ ਕਈ ਵਾਰ ਐਨੀ ਪਹੁੰਚ ਨਹੀਂ ਸੀ ਰੱਖਦਾ। ਸੱਗੀ ਵਾਲੀ ਮੁਟਿਆਰ ਦੀ ਵੱਖਰੀ ਗੱਲ ਹੁੰਦੀ। ਉਸ ਦਾ ਸਿਰ ਕੁਝ ਤਾਂ ਸੱਗੀ ਦੇ ਮਾਣ ਨਾਲ ਉਚਾ ਹੋ ਜਾਂਦਾ ਅਤੇ ਕੁਝ ਦੁਪੱਟੇ ਜਾਂ ਫੁਲਕਾਰੀ ਨਾਲ ਕੱਜੇ ਸੱਗੀ ਫੁੱਲ ਉਸ ਦਾ ਕੱਦ ਵੀ ਰਤਾ ਉਚਾ ਕਰ ਦਿਖਾਉਂਦੇ।

ਜਿਥੇ ਸੱਗੀ ਵਾਲੀਆਂ ਨਾਰਾਂ ਮੁਟਿਆਰਾਂ ਦੀ ਤਾਰੀਫ ਕੀਤੀ ਜਾਂਦੀ ਹੈ:

ਸੱਗੀ ਫੁੱਲ ਸਿਰਾਂ 'ਤੇ ਸੋਂਦੇ
ਪੈਰੀ ਝਾਂਜਰਾਂ ਪਾਈਆਂ
ਸੂਬੇਦਾਰਨੀਆਂ ਨੱਚਣ ਗਿੱਧੇ ਵਿੱਚ ਆਈਆਂ

ਸੱਗੀ ਜਾਂ ਸਿਰ ਗੁੰਦਣ ਵਾਲੀਆਂ ਵੀ ਸ਼ਲਾਘਾ ਦੀਆਂ ਪੂਰੀਆਂ ਹੱਕਦਾਰ ਹਨ। ਪਿੰਡ ਦੀ ਕੋਈ ਲਾਗਣ ਸਿਰ ਗੁੰਦਣ ਦੀ ਮਾਹਰ ਹੁੰਦੀ। ਇਨ੍ਹਾਂ ਲਾਗੀਆਂ ਦਾ ਜ਼ਿਮੀਂਦਾਰ ਪਰਵਾਰਾਂ ਵੱਲੋਂ ਆਦਰ ਕੀਤਾ ਜਾਂਦਾ ਅਤੇ ਤਿੱਥ ਤਿਓਹਾਰ ਜਾਂ ਵਿਆਹ ਸ਼ਾਦੀ ਵੇਲੇ ਬਣਦਾ ਲਾਗ ਵੀ ਦਿੱਤਾ ਜਾਂਦਾ। ਕੁੜੀ ਦੀ ਡੋਲੀ ਨਾਲ ਗਈ ਲਾਗਣ ਨੂੰ ਕੋਈ ਰੱਜੇ ਪੁੱਜੇ ਰਿਸ਼ਤੇਦਾਰ ਸੋਨੇ ਚਾਂਦੀ ਦਾ ਗਹਿਣਾ ਵੀ ਪਾ ਦਿੰਦੇ, ਕੱਪੜ ਲੀੜਾ ਆਮ ਹੀ ਦਿੱਤਾ ਜਾਂਦਾ। ਇਨ੍ਹਾਂ ਬਿਨਾਂ ਸਾਰੇ ਕਾਰਜ ਅਧੂਰੇ ਹੁੰਦੇ, ਪਰ ਫਿਰ ਵੀ ਇਨ੍ਹਾਂ ਮਿਹਨਤਕਸ਼ ਕੰਮੀਆਂ ਨੂੰ ਨੀਵੇਂ ਹੀ ਸਮਝਿਆ ਜਾਂਦਾ। ਇਹ ਬੋਲੀ ਇਸ ਗੱਲ ਦੀ ਸੂਚਕ ਹੈ:

ਸਿਰ ਗੁੰਦ ਦੇ ਕਪੱਤੀਏ ਨੈਣੇ
ਉਤੇ ਪਾ ਦੇ ਡਾਕ ਬੰਗਲਾ

ਅੱਗੋਂ ਨੈਣ ਕੰਮੀਆਂ ਦੀ ਆਦਤ ਜਾਂ ਮਜਬੂਰੀ ਵੱਸ ਕਰਨ ਵਾਲੀ 'ਜੀ ਹਜ਼ੂਰੀ' ਨੂੰ ਨਕਾਰਦਿਆਂ ਆਪਣੇ ਹੁਨਰ 'ਤੇ ਮਾਣ ਕਰਦਿਆਂ ਕਰਾਰਾ ਜਵਾਬ ਦਿੰਦੀ ਹੋਈ ਕਹਿੰਦੀ ਹੈ:

ਸਾਥੋਂ ਡਾਕ ਬੰਗਲਾ ਨਹੀਂ ਪੈਂਦਾ
ਉਤੇ ਪਾ ਦੂੰ ਮੋਰ ਘੁੱਗੀਆਂ

ਨਾਰੀ ਮਨ ਵਿੱਚ ਸਜਣ ਸੰਵਰਨ ਦੀ ਰੀਝ ਕੁਦਰਤੀ ਹੁੰਦੀ ਹੈ, ਪਰ ਸੱਗੀ ਲਈ ਅੱਲੜ੍ਹ ਉਮਰ ਤੋਂ ਹੀ ਕੁੜੀਆਂ ਚਾਹਵਾਨ ਹੁੰਦੀਆਂ ਹਨ। ਜਦੋਂ ਸਮਾਜਿਕ ਬੰਧਨ ਜਾਂ ਮਜਬੂਰੀਆਂ ਕਾਰਨ ਉਹ ਸੱਗੀ ਪਹਿਨਣ ਨੂੰ ਤਰਸਦੀਆਂ ਤਾਂ ਉਹ ਭਾਵਨਾਵਾਂ ਲੋਕ ਕਾਵਿ ਵਿੱਚ ਢਲ ਜਾਂਦੀਆਂ ਹਨ। ਦਰਦ ਭਰਿਆ ਵਿਛੜਾ (ਲੰਮਾ ਗੌਣ) ਹੈ:

ਅੱਡ ਹੋ ਮਾਹੀ ਵੇ ਚਿੱਤ ਵਸਣੇ ਨੂੰ ਲੋਚੇ
ਸੱਗੀ ਕਰਵਾ ਮਾਹੀ ਵੇ,
ਤਰਸਾਂ ਜਦ ਪੇਕੇ ਕੁੜੀ ਸੀ
ਹੁਣ ਪਹਿਨਣ ਨਾ ਦੇਵੇ ਤੇਰੀ ਮਾਂ ਵੇ
ਪੇਕੇ ਭਾਬੋ ਬੁਰੀ ਸੀ
ਅੱਡ ਹੋ ਮਾਹੀ ਵੇ
ਚਿੱਤ ਵਸਣੇ ਨੂੰ ਲੋਚੇ..

ਜਿਸ ਮੁਟਿਆਰ ਦਾ ਸਿਰ ਸੱਗੀ ਫੁੱਲ ਤੋਂ ਸੱਖਣਾ ਹੁੰਦਾ, ਉਹ ਆਪਣੀਆਂ ਆਰਥਿਕ ਮਜਬੂਰੀਆਂ ਬਾਰੇ ਸੋਚਦਿਆਂ ਉਦਾਸ ਹੋ ਜਾਂਦੀ। ਉਸ ਦੀ ਉਦਾਸੀ ਹਾਣੀ ਤੋਂ ਦੇਖੀ ਨਾ ਜਾਂਦੀ ਤੇ ਉਹ ਕਹਿ ਉਠਦਾ:

ਬੇਰੀ ਹੇਠ ਖਲੋਤੜੀਏ ਕਿਉਂ ਹੋਈ ਏਂ ਦਿਲਗੀਰ ਕੁੜੀਏ
ਸਿਰ ਮੇਰੇ ਨੂੰ ਸੱਗੀ ਨਾ, ਤਾਂ ਹੋਈਆਂ ਦਿਲਗੀਰ ਮੁੰਡਿਆ
ਸੱਗੀ ਕਰਾਵਾਂ ਤੇਰੇ ਸਿਰ ਪਾਵਾਂ..
ਹੁਣ ਕਿਉਂ ਜਾਂਦੀ ਨੱਸ ਕੁੜੀਏ
ਨਜ਼ਰ ਸਾਹਮਣੇ ਵੱਸ ਕੁੜੀਏ..

ਕਈ ਵਾਰ ਸੱਗੀ ਦਾ ਪੱਟਿਆ ਗੱਭਰੂ ਜੋਗੀ ਹੋ ਜਾਂਦਾ ਤੇ ਮੌਕਾ ਤੱਕ ਕੇ ਆਪਣੀ ਹੀਰ ਲਈ ਸੱਗੀ ਦਾ ਜੁਗਾੜ ਕਰਨ ਲਈ ਪੁੱਠੇ ਕੰਮ ਵੀ ਕਰਦਾ। ਗਿੱਧੇ ਦਾ ਗੀਤ ਹੈ:

ਤੇਰੇ ਪਿੱਛੇ ਸੋਹਣੀਏ ਮੈਂ ਜੋਗੀ ਹੋਇਆ
ਤੇਰੀ ਸੱਗੀ ਦਾ ਮੈਂ ਮਾਰਿਆ
ਸੁਨਿਆਰੇ ਦਾ ਘਰ ਪਾੜਿਆ
ਮੈਂ ਜੋਗੀ ਹੋਇਆ..

ਜਦੋਂ ਕੋਈ ਮੁਟਿਆਰ ਸੱਗੀ ਪਹਿਨ ਕੇ ਉਸ ਦਾ ਬੇਲੋੜਾ ਦਿਖਾਵਾ ਕਰਦੀ ਤਾਂ ਉਸ ਨੂੰ ਸਮਾਜਿਕ ਕਦਰਾਂ ਕੀਮਤਾਂ ਦਾ ਧਿਆਨ ਰੱਖਣ ਲਈ ਚੇਤੰਨ ਕੀਤਾ ਜਾਂਦਾ:

ਸੁਣ ਨੀ ਕੁੜੀਏ ਸੱਗੀ ਵਾਲੀਏ ਸੱਗੀ ਨਾ ਚਮਕਾਈਏ
ਖੂਹ ਟੋਭੇ 'ਤੇ ਚਰਚਾ ਹੁੰਦੀ ਚਰਚਾ ਨਾ ਕਰਵਾਈਏ
ਆਪਣੇ ਮਾਪਿਆਂ ਦੀ ਫੁੱਲ ਵਰਗੀ ਰੱਖ ਜਾਈਏ..

ਕਿਧਰੇ ਸੱਗੀ ਵਾਲੀ ਮੁਟਿਆਰ ਝੂਰਦੀ ਹੈ:

ਉਡਿਆ ਸੀ ਤਿਲੀਅਰ ਤੋਤਾ
ਸੱਗੀ 'ਤੇ ਬਹਿ ਗਿਆ ਨੀਂ
ਸੱਗੀ ਦੀ ਆਬ ਗੁਆ ਗਿਆ
ਰਸ ਫੁੱਲਾਂ ਦਾ ਲੈ ਗਿਆ ਨੀਂ

ਇਸ ਖੂਬਸੂਰਤ ਗਹਿਣੇ ਨਾਲ ਔਰਤ ਦੀਆਂ ਬਹੁਤ ਡੂੰਘੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਪਰ ਇਹ ਵੀ ਔਰਤ ਦੀ ਖੂਬੀ ਹੈ ਕਿ ਉਹ ਲੋਹੜੇ ਦੀ ਸਹਿਣਸ਼ੀਲਤਾ ਰੱਖਦੀ ਹੈ। ਸੱਗੀ ਪਹਿਨਣ ਦੀ ਦਬਾਈ ਹੋਈ ਰੀਝ ਦੀ ਵੇਦਨਾ ਨੂੰ ਲੋਕ ਕਾਵਿ ਵਿਚਲਾ ਵਿਛੜਾ ਸੁੰਦਰ ਸ਼ਬਦਾਵਲੀ ਵਿੱਚ ਬਿਆਨ ਕਰਦਾ ਹੈ:

ਸੱਗੀ ਘੜਾਈ ਵੇ ਸਿੰਘ ਜੀ
ਪਹਿਨਣ ਦੇ ਵਾਸਤੇ
ਪਹਿਨਣ ਨਾ ਦੇਂਦੀ ਸੌਂਕਣ
ਵੱਸਦੀ ਲਲਕਾਰ ਕੇ
ਸਬਰ ਸਬੂਰੀ ਗੋਰੀਏ
ਸਤਿਗੁਰ ਦੇ ਵਾਸਤੇ..

## ਪਿੰਡ ਖੜਿਆਲ ਦੇ ਟੂਰਨਾਮੈਂਟ ਦਾ ਸਟਿੱਕਰ ਐੱਸ.ਐੱਸ.ਪੀ. ਸੰਗਰੂਰ ਵੱਲੋਂ ਜਾਰੀ


ਸੰਗਰੂਰ, 21 ਨਵੰਬਰ ( ਸਤਪਾਲ ਖੜਿਆਲ )- ਨੇੜਲੇ ਪਿੰਡ ਖੜਿਆਲ ਵਿਖੇ ਸ਼ਹੀਦ ਊਧਮ ਸਿੰਘ ਲੋਕ ਭਲਾਈ ਕਲੱਬ -ਦਸਮੇਸ਼ ਸਪੋਰਟਸ ਐਂਡ ਵੈਲਫੇਅਰ ਕਲੱਬ,ਕੋਪਲ ਗਰੁੱਪ ,ਐਨ ਆਰ ਆਈ ਭਾਰਤੀਆ , ਨਵੀਂ ਸੋਚ ਨਵੀਂ ਉਮੀਦ ਫਾਉਂਡੇਸ਼ਨ ਤੇ ਨਗਰ ਨਿਵਾਸੀਆਂ ਵਲੋਂ ਸ੍ਰੀ ਗੁਰੁ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 28,29 ਨਵੰਬਰ ਨੂੰ ਹੋ ਰਹੇ ਪਹਿਲੇ ਕਬੱਡੀ ਟੂਰਨਾਮੈਂਟ ਦਾ ਸਕਿੱਟਰ ਅੱਜ ਡਾ. ਸੰਦੀਪ ਗਰਗ ( ਆਈ ਪੀ ਐਸ ) ਐਸ ਐਸ ਪੀ ਸੰਗਰੂਰ ਨੇ ਰੀਲੀਜ ਕੀਤਾ । ਇਸ ਮੌਕੇ ਉਹਨਾਂ ਕਿਹਾ ਕਿ ਖੇਡਾਂ ਹੀ ਨਰੋਏ ਸਮਾਜ ਦੀ ਸਿਰਜਣਾ ਕਰਦੀਆਂ ਹਨ । ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਅੰਤਰਰਾਸ਼ਟਰੀ ਕਬੱਡੀ ਕੁਮੈਂਟੇਟਰ ਤੇ ਖੇਡ ਲੇਖਕ ਸਤਪਾਲ ਖੜਿਆਲ ਨੇ ਦੱਸਿਆ ਕਿ ਇਹ ਟੂਰਨਾਮੈਂਟ ਜਿਲਾ ਪੁਲਿਸ ਮੁਖੀ ਡਾ. ਸੰਦੀਪ ਗਰਗ ਦੀ ਅਗਵਾਈ ਵਿੱਚ ਹੋ ਰਿਹਾ ਹੈ ।ਜਿਸਦਾ ਮੁੱਖ ਮੰਤਵ ਪੰਜਾਬ ਦੀ ਜਵਾਨੀ ਨੂੰ ਨਸ਼ਿਆ ਤੋਂ ਮੁਕਤ ਕਰਕੇ ਖੇਡਾਂ ਨਾਲ ਜੋੜਨਾ ਹੈ ।ਉਹਨਾਂ ਦੱਸਿਆ ਕਿ ਟੂਰਨਾਮੈਂਟ ਦੌਰਾਨ 28 ਨਵੰਬਰ ਨੂੰ ਕਬੱਡੀ 63 ਕਿਲੋਗ੍ਰਾਮ ਤੇ 70 ਕਿਲੋਗ੍ਰਾਮ ਦੇ ਮੁਕਾ-ਬਲੇ ਹੋਣਗੇ ਤੇ 29 ਨਵੰਬਰ ਨੂੰ ਲੜਕੀਆ ਆਲ ਓਪਨ ਤੇ 85 ਕਿਲੋਗ੍ਰਾਮ ਦੇ ਮੈਚ ਹੋਣਗੇ । ਪੰਜਾਬ ਦੇ ਪ੍ਰਸਿੱਧ ਗੀਤਕਾਰ , ਗਾਇਕ ,ਅਦਾਕਾਰ ਰਾਜ ਕਾਕੜਾ, ਐਸ ਐਚ ਓ ਅਮਨਪਾਲ ਸਿੰਘ ਵਿਰਕ ਘਨੌਰ, ਗੀਤਕਾਰ ਵਿੱਕੀ ਧਾਲੀਵਾਲ, ਸਾਹਿਤਕਾਰ ਵਾਹਿਦ , ਗਾਇਕ ਰਿਆਜ, ਖੇਡ ਲੇਖਕ ਡਾ. ਸੁਖਦਰਸ਼ਨ ਚਹਿਲ, ਗੀਤਕਾਰ ਰਾਮਫਲ ਰਾਜਲਹੇੜੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਇਸ ਮੌਕੇ ਟੂਰਨਾਮੈਂਟ ਪ੍ਰਬੰਧਕ ਸਿੰਗਾਰਾ ਸਿੰਘ ਢੀਂਡਸਾ, ਪੱਤਰਕਾਰ ਸਤਪਾਲ ਤੱਗੜ, ਜੱਸੀ, ਨਿੱਕਾ , ਪ੍ਰਗਟ ਸਿੰਘ ਖਜਾਨਚੀ, ਪ੍ਰਧਾਨ ਗਗਨਦੀਪ ਸਿੰਘ, ਕਬੱਡੀ ਖਿਡਾਰੀ ਘਾਕੀ, ਲੱਡੂ, ਗੁਰਪਿਆਰ, ਲਾਡੀ, ਹਰਬੰਸ਼ , ਹੈਪੀ , ਤਾਰੀ, ਅਵਤਾਰ, ਜਗਤਾਰ, ਕਾਲਾ, ਸਿਕੰਦਰ, ਚਮਕੌਰ,ਲਾਲੀ ਢੀਂਡਸਾ, ਪੱਤਰਕਾਰ ਗੁਰਸੇਵਕ ਢੀਂਡਸਾ, ਬੰਸੀ, ਤਰਸੇਮ , ਕਾਲਾ, ਬਿੱਟੂ, ਗੁਰਧਿਆਨ, ਜਗਪਾਲ ਢੀਂਡਸਾ, ਕੁਲਦੀਪ ਛਾਹੜ, ਪ੍ਰਗਟ ਸਿੰਘ, ਜਸਵੀਰ ਸਿੰਘ ਜੱਸੀ ਆਦਿ ਹਾਜਰ ਸਨ ।

















# 30 ਦਸੰਬਰ ਨੂੰ ਲਾਗੂ ਹੋਣ ਵਾਲੇ ਸੀ.ਪੀ.ਟੀ.ਪੀ.ਪੀ. ਟਰੇਡ ਡੀਲ ਨਾਲ ਕੈਨੇਡਾ ਦੀ ਜੀ.ਡੀ.ਪੀ.ਵਿਚ 4.2 ਬਿਲੀਅਨ ਡਾਲਰ ਤੱਕ ਵਾਧਾ ਹੋਣ ਦੀ ਆਸ : ਸੋਨੀਆ ਸਿੱਧੂ



ਪਿਛਲੇ ਹਫਤੇ ਇਲਾਕੇ ਦੇ ਮੈਂਬਰ ਪਾਰਲੀਮੈਂਟ ਕ੍ਰਿਸਟੀ ਡੰਕਨ ਨੇ ਇਲਾਕੇ ਦੀਆਂ ਸਾਰੀਆਂ ਜਾਤੀਆਂ ਤੇ ਮਜ਼ਹਬਾਂ ਦੇ ਵਿਅਕਤੀਆਂ ਨੂੰ ਸ਼ਾਮ ਦੇ ਖਾਣੇ ’ਤੇ ਬੁਲਾਇਆ। ਤਸਵੀਰ ਵਿਚ ਕ੍ਰਿਸਟੀ ਡੰਕਨ ਨਾਲ ਸੁਲੱਖਣ ਸਿੰਘ ਅਟਵਾਲ, ਅਵਤਾਰ ਸਿੰਘ ਮਿਨਹਾਸ, ਅਜਾਇਬ ਸਿੰਘ ਅਟਵਾਲ ਤੇ ਅਮਰੀਕ ਸਿੰਘ ਰਾਏ ਖੜ੍ਹੇ ਹਨ।ਖਾਣੇ ਤੋਂ ਬਾਅਦ ਜਮੈਕਣ ਕੁੜੀਆਂ ਦਾ ਡਾਂਸ ਪ੍ਰਗਰਾਮ ਵੀ ਰੱਖਿਆ ਗਿਆ। ਆਖਰ ’ਤੇ ਕ੍ਰਿਸਟੀ ਡੰਕਨ ਮੈਂਬਰ ਪਾਰਲੀਮੈਂਟ ਨੇ ਆਪਣੇ ਆਉਣ ਵਾਲੇ ਇਲੈਕਸ਼ਨ ’ਤੇ ਚਾਨਣਾ ਪਾਇਆ। ਫਿਰ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਆਖਿਆ।

ਬਰੈਂਪਟਨ, -ਪਿਛਲੇ ਮਹੀਨੇ ਨਵੇਂ ਕੰਪਰੀਹੈਂਨਸਿਵ ਐਂਡ ਪਰੋਂਗਰੈੱਸਿਵ ਐਗਰੀਮੈਂਟ ਫ਼ਾਰ ਟਰਾਂਸ-ਪੈਸਿਫ਼ਿਕ ਪਾਰਟਨਰਸ਼ਿਪ (ਸੀਪੀਟੀਪੀਪੀ) ਨੂੰ ਪ੍ਰਵਾਨਗੀ ਦੇਣ ਵਾਲਾ ਕੈਨੇਡਾ ਪੰਜਵਾਂ ਦੇਸ਼ ਬਣ ਗਿਆ ਹੈ। ਹੁਣ ਆਸਟ੍ਰੇਲੀਆ ਵੱਲੋਂ ਵੀ ਇਸ ਨੂੰ ਪ੍ਰਵਾਨਗੀ ਮਿਲਣ ਨਾਲ ਇਸ ਸਮਝੌਤਾ ਇਸ ਸਾਲ 30 ਦਸੰਬਰ ਨੂੰ ਲਾਗੂ ਹੋ ਜਾਏਗਾ ਅਤੇ ਕੈਨੇਡਾ-ਵਾਸੀ ਜਲਦੀ ਹੀ ਹੋਰ ਅੱਧੇ ਬਿਲੀਅਨ ਲੋਕਾਂ ਨਾਲ ਫ਼ਰੀ ਟਰੇਡ ਦਾ ਉਸਾਰੂ ਅਸਰ ਮਹਿਸੂਸ ਕਰਨਗੇ। ਇਸ ਸਮਝੌਤੇ ਦੇ ਸ਼ੁਰੂ ਹੋ ਜਾਣ ਨਾਲ ਕੈਨੇਡਾ ਦੀ ਜੀ.ਡੀ.ਪੀ. ਵਿਚ 4.2 ਬਿਲੀਅਨ ਡਾਲਰ ਦਾ ਵਾਧਾ ਹੋਣ ਦੀ ਆਸ ਹੈ।

ਪ੍ਰਧਾਨ ਮੰਤਰੀ ਵੱਲੋਂ ਪਿਛਲੇ ਮਹੀਨੇ ਬਹੁਤ ਸਾਰੇ ਸਾਊਥ ਈਸਟ ਏਸ਼ੀਅਨ ਬਿਜ਼ਨੈੱਸ ਆਗੂਆਂ ਅਤੇ ਏ.ਐੱਸ.ਈ.ਐੱਨ. ਤੇ ਏ.ਪੀ.ਈ.ਸੀ. ਦੇ ਮੈਂਬਰ ਦੇਸ਼ਾਂ ਨਾਲ ਹੋਈਆਂ ਕਈ ਮੀਟਿੰਗਾਂ ਤੋਂ ਬਾਅਦ ਸੀਪੀਟੀਪੀਪੀ ਸਮਝੌਤੇ ਨੂੰ ਮਿਲੀ ਪ੍ਰਵਾਨਗੀ ਨਾਲ ਸਰਕਾਰ ਟਰੇਡ ਦੀ ਵਿਭਿੰਨਤਾ, ਵਿਸ਼ਵ-ਪੱਧਰ 'ਤੇ ਪੂੰਜੀ ਨਿਵੇਸ਼ ਖਿੱਚਣ ਅਤੇ ਕੈਨੇਡਾ ਵਿਚ ਆਰਥਿਕ ਖ਼ੁਸ਼ਹਾਲੀ ਲਈ ਨਵੇਂ ਮੌਕੇ ਪੈਦਾ ਕਰਨ ਲਈ ਵਚਨਬੱਧ ਹੈ।

ਇਸ ਦੇ ਬਾਰੇ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ,"ਆਯਾਤ ਤੇ ਨਿਰਯਾਤ ਕੈਨੇਡਾ ਦੀ ਜੀ.ਡੀ.ਪੀ. ਦਾ 60% ਹਿੱਸਾ ਹਨ ਅਤੇ ਏਸੇ ਲਈ ਹੀ ਸੀਪੀਟੀਪੀਪੀ ਵਰਗੇ ਟਰੇਡ ਸਮਝੌਤਿਆਂ ਦੀ ਏਨੀ ਅਹਿਮੀਅਤ ਹੈ। ਸਾਡੀ ਸਰਕਾਰ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਮਿਡਲ ਕਲਾਸ ਨੂੰ ਮਜ਼ਬੂਤ ਕਰੇਗੀ, ਨਵੀਆਂ ਨੌਕਰੀਆਂ ਪੈਦਾ ਕਰੇਗੀ ਅਤੇ ਕੈਨੇਡਾ-ਵਾਸੀਆਂ ਲਈ ਰੋਜ਼ਗਾਰ ਦੇ ਹੋਰ ਮੌਕੇ ਪੈਦਾ ਕਰੇਗੀ। ਅਸੀਂ ਜਾਣਦੇ ਹਾਂ ਕਿ ਦੇਸ਼ ਦੀ ਆਰਥਿਕਤਾ ਵਿਚ ਵਾਧਾ ਕਰਨ ਲਈ ਕੈਨੇਡਾ ਦੇ ਬਿਜ਼ਨੈੱਸਾਂ ਨੂੰ ਨਵੀਆਂ ਮੰਡੀਆਂ ਦੀ ਜ਼ਰੂਰਤ ਹੈ ਅਤੇ ਇਹ ਸਮਝੌਤਾ ਏਹੀ ਕੁਝ ਕਰ ਰਿਹਾ ਹੈ।"



ਸੀਪੀਟੀਪੀਪੀ ਦੇ 11 ਮੈਂਬਰ ਦੇਸ਼ ਅੱਧਾ ਬਿਲੀਅਨ ਲੋਕਾਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਇਸ ਦੇ ਨਾਲ ਹੀ 13.5 ਟ੍ਰਿਲੀਅਨ ਡਾਲਰ ਦੀ ਸਾਂਝੀ ਜੀ.ਡੀ.ਪੀ. ਨੂੰ ਦਰਸਾਉਂਦੇ ਹਨ। ਸਾਲ 2017 ਦੌਰਾਨ ਕੈਨੇਡਾ ਅਤੇ ਹੋਰ 10 ਦੇਸ਼ਾਂ ਵਿਚਕਾਰ 95 ਬਿਲੀਅਨ ਡਾਲਰ ਦਾ ਆਪਸੀ ਵਿਉਪਾਰ ਹੋਇਆ।

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥

ਸ਼ਹੀਦ ਸ੍ਰ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸ਼ਤਾਬਦੀ
ਅਤੇ ਗਦਰੀ ਲਹਿਰ ਦੇ ਸਮੂੰਹ ਯੋਧਿਆਂ ਨੂੰ ਸਮਰਪਿਤ



ਸਾਲਾਨਾ ਸਮਾਗਮ

ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ
ਗਲਿਡਨ ਰੋਡ, ਬਰੈਂਪਟਨ ਵਿਖੇ

25 ਨਵੰਬਰ ਦਿਨ ਐਤਵਾਰ

ਪਾਠ ਸ੍ਰੀ ਸੁਖਮਨੀ ਸਾਹਿਬ 10 ਵਜੇ
ਕੀਰਤਨ 11 ਤੋਂ 11.45
ਕਥਾ ਵਿਖਿਆਨ 11.45 ਤੋਂ 12.30

ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ
ਸਿੰਘ ਨਾਮ ਸ਼ੇਰ ਦਾ, ਜੋ ਲੜੇ ਗੱਜ ਕੇ

ਦਾਸਰੇ
ਜਸਬੀਰ ਸਿੰਘ ਸਰਾਭਾ 416-843-5330
ਮਨਦੀਪ ਸਿੰਘ ਸਰਾਭਾ 647-504-4949

Komplete Print Solutions, 647-272-0450 kompleteprints@gmail.com

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana Sales Rep

SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ
Galvanizing plant located in Acton, ON
ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਪੰਥ ਨੇ ਸ਼ਤਾਬਦੀਆਂ ਤਾਂ ਮਨਾਈਆਂ ਹਨ, ਪ੍ਰੰਤੂ...!

ਸਿੱਖ ਜਗਤ ਨੇ ਬੀਤੇ ਲਗਪਗ ਪੰਜਾਹ ਵਰ੍ਹਿਆਂ ਵਿਚ, ਅਰਥਾਤ 1969 ਤੋਂ ਹੁਣ ਤਕ, ਸਿਖ ਇਤਿਹਾਸ ਨਾਲ ਸੰਬੰਧਤ ਕਈ ਸ਼ਤਾਬਦੀਆਂ ਮੰਨਾਈਆਂ ਹਨ, ਹੁਣ ਤਾਂ ਅਰਧ-ਸ਼ਤਾਬਦੀਆਂ ਮਨੰਾਉਣ ਵਲ ਵੀ ਰੁਝਾਨ ਵਧਣ ਲਗ ਪਿਆ ਹੈ। ਇਸੇ ਰੁਝਾਨ ਦੇ ਤਹਿਤ ਹੀ ਅਗਲੇ ਵਰ੍ਹੇ ਅਰਥਾਤ 2019 ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550-ਸਾਲਾ ਪ੍ਰਕਾਸ਼ ਪੁਰਬ ਮਾਏ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹੋਈਆਂ ਹਨ। ਇਤਨਾ ਹੀ ਨਹੀਂ ਇਨ੍ਹਾਂ ਤੋਂ ਬਿਨਾਂ ਹਰ ਵਰ੍ਹੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਤ ਕਈ ਪੁਰਬ ਵੀ ਲਗਾਤਾਰ ਮਨਾਏ ਜਾਂਦੇ ਚਲੇ ਆ ਰਹੇ ਹਨ। ਸ਼ਤਾਬਦੀਆਂ ਮੰਨਾਉਂਦਿਆਂ ਹੋਇਆਂ ਦੇਸ਼-ਵਿਦੇਸ਼ ਵਿਚ ਅਨੇਕਾਂ ਸਮਾਗਮ ਕੀਤੇ ਗਏ, ਚੇਤਨਾ ਅਤੇ ਖਾਲਸਾ ਮਾਰਚਾਂ ਦਾ ਆਯੋਜਨ ਵੀ ਕੀਤਾ ਗਿਆ, ਸੈਮੀਨਾਰ ਵੀ ਹੋਏ ਅਤੇ ਵਡੇ ਪੈਮਾਨੇ ਤੇ ਸਾਹਿਤ ਵੀ ਪ੍ਰਕਾਸ਼ਤ ਕਰ ਕੇ ਵੰਡਿਆ ਗਿਆ। ਇਨ੍ਹਾਂ ਕਾਰਜਾਂ ਪੁਰ ਕੌਮ ਦੇ ਕਰੋੜਾਂ ਹੀ ਨਹੀਂ ਅਰਬਾਂ ਰੁਪਏ ਖਰਚ ਹੋਏ। ਸਿੱਖ ਜਗਤ ਵਲੋਂ, ਜੋ ਪੁਰਬ ਮੰਨਾਏ ਜਾਂਦੇ ਚਲੇ ਆ ਰਹੇ ਹਨ, ਉਨ੍ਹਾਂ ਨੂੰ ਮੰਨਾਉਣ ਲਈ ਵੀ ਦੇਸ਼ ਵਿਚਲੀਆਂ ਲਗਭਗ ਸਾਰੀਆਂ ਹੀ ਛੋਟੀਆਂ-ਵੱਡੀਆਂ ਸਿੱਖ ਜਥੇਬੰਦੀਆਂ ਵਲੋਂ ਆਪੋ-ਆਪਣੀ ਸਮਰਥਾ ਅਨੁਸਾਰ ਛੋਟੇ-ਵਡੇ ਪੈਮਾਨੇ ਤੇ ਦੀਵਾਨ ਸਜਾਏ ਜਾਂਦੇ ਹਨ, ਕਥਾ-ਕੀਰਤਨ ਦਾ ਪ੍ਰਵਾਹ ਚਲਾਇਆ ਜਾਂਦਾ ਹੈ, ਕਵੀ ਦਰਬਾਰ ਵੀ ਹੁੰਦੇ ਹਨ ਅਤੇ ਪੰਥਕ ਆਗੂ, ਧਾਰਮਕ ਵਿਦਵਾਨ ਤੇ ਬੁਧੀਜੀਵੀ ਆਪਣੇ ਭਾਸ਼ਣਾਂ ਰਾਹੀਂ ਗੁਰੂ ਸਾਹਿਬ ਦੇ ਜੀਵਨ ਤੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੰਦਿਆਂ, ਸੰਗਤਾਂ ਨੂੰ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਣ ਦੀ ਪ੍ਰੇਰਨਾ ਵੀ ਕਰਦੇ ਹਨ। ਕਈ ਥਾਂਵਾਂ ਤੇ ਨਗਰ-ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਇਨ੍ਹਾਂ ਸਮਾਗਮਾਂ ਵਿਚ ਇਲਾਕੇ, ਪ੍ਰਦੇਸ਼ ਜਾਂ ਕੇਂਦਰ ਦੇ ਰਾਜਸੀ ਆਗੂਆਂ ਨੂੰ ਬੁਲਾ, ਉਨ੍ਹਾਂ ਦਾ ਗੁਣਗਾਨ ਕਰਨ ਦੇ ਨਾਲ ਹੀ, ਉਨ੍ਹਾਂ ਨੂੰ ਸਿਰੋਪਾਉ ਦੀ ਬਖਸ਼ਸ਼ ਕਰਕੇ ਸਨਮਾਨਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਿਰਪਾਨਾਂ, ਧਾਰਮਕ ਚਿੰਨ੍ਹ ਤੇ ਸਿੱਖ ਧਰਮ ਤੇ ਇਤਿਹਾਸ ਨਾਲ ਸੰਬੰਧਤ ਸਾਹਿਤ ਦੀਆਂ ਅਜਿਹੀਆਂ ਮੋਟੀਆਂ-ਮੋਟੀਆਂ ਪੁਸਤਕਾਂ ਵੀ ਭੇਂਟ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਜਾਂ ਸੰਭਾਲਣ ਦਾ ਸਮਾਂ ਸ਼ਾਇਦ ਹੀ ਉਨ੍ਹਾਂ ਵਿਚੋਂ ਕਿਸੇ ਪਾਸ ਹੁੰਦਾ ਹੋਵੇ।

ਆਪਣੇ ਇਸ ਸਨਮਾਨ-ਸਤਿਕਾਰ ਦੇ ਜਵਾਬ ਵਿਚ ਉਨ੍ਹਾਂ ਰਾਜਸੀ ਵਿਅਕਤੀਆਂ ਵਲੋਂ ਸਿੱਖਾਂ ਦਾ ਧੰਨਵਾਦ ਕਰਦਿਆਂ ਗੁਰੂ ਸਾਹਿਬ ਪ੍ਰਤੀ ਸ਼ਰਧਾ ਦੇ ਫੁਲ ਭੇਂਟ ਕੀਤੇ ਜਾਂਦੇ ਅਤੇ ਸਿੱਖਾਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਤੇ ਸੇਵਾਵਾਂ ਦੀ ਰਸਮੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਜੈਕਾਰੇ ਲਗਵਾਏ ਜਾਂਦੇ ਹਨ। ਪਤਾ ਨਹੀਂ ਉਨ੍ਹਾਂ ਵਿਚੋਂ ਕਿਸੇ ਨੂੰ ਸਿੱਖਾਂ ਦੀਆਂ ਕੁਰਬਾਨੀਆਂ ਤੇ ਸੇਵਾਵਾਂ ਬਾਰੇ ਜਾਣਕਾਰੀ ਹੁੰਦੀ ਵੀ ਹੈ ਜਾਂ ਨਹੀਂ। ਇਹ ਸਭ-ਕੁਝ ਹੋ ਜਾਣ ਤੋਂ ਬਾਅਦ ਇਹ ਆਖ, ਆਪਣੇ-ਆਪ ਨੂੰ ਸੰਤੁਸ਼ਟ ਕਰ ਲਿਆ ਜਾਂਦਾ ਹੈ ਕਿ ਸ਼ੁਕਰ ਹੈ ਕਿ ਇਤਨਾ ਵਡਾ ਕਾਰਜ 'ਨਿਰਵਿਘਨ' ਸਿਰੇ ਚੜ੍ਹ ਗਿਆ ਹੈ। ਇਹ ਸਭ-ਕੁਝ ਦਹਾਕਿਆਂ ਤੋਂ ਹੁੰਦਾ ਚਲਿਆ ਆ ਰਿਹਾ ਹੈ। ਹੁਣ ਫਿਰ ਅਸੀਂ ਅਗਲੇ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550-ਸਾਲਾ ਪ੍ਰਕਾਸ਼ ਪੁਰਬ ਮੰਨਾਉਣ ਜਾ ਰਹੇ ਹਾਂ। ਇਸ ਮੌਕੇ ਤੇ ਵੀ ਪਹਿਲਾਂ ਵਾਂਗ ਹੀ ਮਾਰਚਾਂ ਦਾ ਆਯੋਜਨ ਕੀਤਾ ਜਾਇਗਾ ਧਾਰਮਕ ਦੀਵਾਨ ਸਜਾਏ ਜਾਣਗੇ, ਗੁਰੂ ਸਾਹਿਬ ਦੇ ਜੀਵਨ-ਕਰਜਾਂ ਦੀ ਚਰਚਾ ਕਰਦਿਆਂ ਸਟੇਜ ਪੁਰ ਲੰਮੇਂ-ਲੰਮੇਂ ਭਾਸ਼ਣ ਦਿਤੇ ਜਾਣਗੇ। ਸੈਮੀਨਾਰ ਵੀ ਹੋਣਗੇ ਅਤੇ ਸਾਹਿਤ ਵੀ ਪ੍ਰਕਾਸ਼ਤ ਕੀਤਾ ਜਾਇਗਾ। ਇਸਤਰ੍ਹਾਂ ਪੁਰਾਣੀ ਸਮੁਚੀ ਰੀਤੀ ਤੇ ਨੀਤੀ ਹੀ ਨਿਭਾਈ ਜਾਇਗੀ।

ਪ੍ਰੰਤੂ ਸੁਆਲ ਉਠਦਾ ਹੈ ਕਿ ਕੀ ਇਸ ਲੰਮੇ ਸਮੇਂ ਦੌਰਾਨ ਕਦੀ ਵੀ ਕਿਸੇ ਪੰਥਕ ਸੰਸਥਾ ਜਾਂ ਕੰਹਿੰਦੇ-ਕਹਾਉਂਦੇ ਪੰਥਕ ਆਗੂਆਂ ਵਿਚੋਂ ਕਿਸੇ ਨੇ ਇਸ ਬਾਰੇ ਸੋਚਣ ਅਤੇ ਸਮਝਣ ਦੀ ਲੋੜ ਸਮਝੀ ਕਿ ਇਸਤਰ੍ਹਾਂ ਹਰ ਸਾਲ ਪੁਰਬ ਅਤੇ ਸ਼ਤਾਬਦੀਆਂ ਮੰਨਾਉਂਦਿਆਂ ਕੌਮ ਦੇ ਕਰੋੜਾਂ ਰੁਪਏ ਖਰਚ ਕਰਕੇ ਉਹ ਉਸਨੂੰ ਕੀ ਪ੍ਰਾਪਤੀਆਂ ਕਰਕੇ ਦੇ ਰਹੇ ਹਨ? ਕੀ ਗੁਰੂ ਸਾਹਿਬ ਦੇ ਜੀਵਨ-ਉਪਦੇਸ਼ਾਂ ਤੋਂ ਉਨ੍ਹਾਂ ਆਪ ਕੋਈ ਸੇਧ ਲਈ ਹੈ, ਜਾਂ



ਜਸਵੰਤ ਸਿੰਘ 'ਅਜੀਤ'

ਉਨ੍ਹਾਂ ਗੁਰੂ ਸਾਹਿਬ ਦੇ ਸਰਬ-ਸਾਂਝੀਵਾਲਤਾ, ਸਰਬ-ਕਲਿਆਣਤਾ ਅਤੇ ਸਦਭਾਵਨਾ ਦੇ ਸੰਦੇਸ਼ ਨੂੰ ਆਮ ਲੋਕਾਂ ਤਕ ਪਹੁੰਚਾਣ ਦਾ ਕੋਈ ਸਾਰਥਕ ਉਪਰਾਲਾ ਕੀਤਾ ਹੈ ਜਾਂ ਕਰ ਰਹੇ ਹਨ, ਜਾਂ ਫਿਰ ਪੁਰਬ ਤੇ ਸ਼ਤਾਬਦੀਆਂ ਮੰਨਾ, ਕੇਵਲ ਰਸਮ-ਅਦਾਇਗੀ ਹੀ ਕੀਤੀ ਜਾ ਰਹੀ ਹੈ? ਸ਼ਾਇਦ ਹੀ ਕਿਸੇ 'ਪੰਥ ਸੇਵਕ' ਜਾਂ 'ਪੰਥ ਦਰਦੀ' ਜਾਂ ਸਿੱਖੀ ਨੂੰ ਲਗ ਰਹੀ ਢਾਹ ਪੁਰ ਅਥਰੂ ਵਹਾਣ ਵਾਲੇ ਕਿਸੇ 'ਧਰਮੀ ਆਗੂ' ਨੇ ਇਸ ਬਾਰੇ ਕਦੀ ਸੋਚਣ ਤੇ ਸਮਝਣ ਦੀ ਲੋੜ ਮਹਿਸੂਸ ਕੀਤੀ ਹੋਵੇ? ਸਿੱਖਾਂ ਦੀਆਂ ਕਈ ਧਾਰਮਕ, ਵਿਦਿਅਕ ਤੇ ਸਮਾਜਕ ਸੰਸਥਾਵਾਂ ਅਜਿਹੀਆਂ ਹਨ, ਜੋ ਸਮੇਂ-ਸਮੇਂ ਦੇਸ਼, ਸਮਾਜ, ਕੌਮ ਆਦਿ ਨਾਲ ਸੰਬੰਧਿਤ ਵਿਸ਼ਿਆਂ ਤੇ ਸੈਮੀਨਾਰਾਂ ਦਾ ਆਯੋਜਨ ਕਰਦੀਆਂ ਰਹਿੰਦੀਆਂ ਹਨ, ਪ੍ਰੰਤੂ ਇਨ੍ਹਾਂ ਵਿਚੋਂ ਕਿਸੇ ਨੇ ਵੀ ਅਜਤਕ ਕੋਈ ਅਜਿਹਾ ਸੈਮੀਨਾਰ ਆਯੋਜਿਤ ਕਰਨ ਬਾਰੇ ਨਾ ਤਾਂ ਕੋਈ ਅਜਿਹਾ ਸੈਮੀਨਾਰ ਜਾਂ ਗੋਸ਼ਟੀ ਕਰਵਾਉਣ ਦੀ ਲੋੜ ਨਹੀਂ ਸਮਝੀ ਜਿਸ ਵਿਚ, 'ਬੀਤੇ ਪੰਜਾਹ-ਕੁ ਵਰ੍ਹਿਆਂ ਵਿਚ ਮੰਨਾਈਆਂ ਗਈਆਂ ਸ਼ਤਾਬਦੀਆਂ ਰਾਹੀਂ ਕੀ ਪਾਇਆ ਅਤੇ ਕੀ ਗਵਾਇਆ ਹੈ?' ਵਿਸ਼ੇ ਤੇ ਵਿਚਾਰ ਕੀਤੀ ਜਾ ਸਕੇ।

ਇਸੇ ਅਣਗਹਿਲੀ ਦਾ ਹੀ ਨਤੀਜਾ ਹੈ ਕਿ ਸਿੱਖਾਂ ਦੇ ਵੱਡੇ-ਵੱਡੇ ਧਾਰਮਕ ਸਮਾਗਮ ਮੇਲੇ ਬਣ ਕੇ ਰਹਿ ਗਏ ਹੋਏ ਹਨ। ਜੇ ਸਮਾਂ ਰਹਿੰਦਿਆਂ ਅਜੇ ਵੀ ਨਾ ਚੇਤੇ ਤਾਂ ਅਗੋਂ ਵੀ ਗੁਰਪੁਰਬਾਂ ਅਤੇ ਸ਼ਤਾਬਦੀਆਂ- ਅਰਧ ਸ਼ਤਾਬਦੀਆਂ ਨਾਲ ਸੰਬੰਧਤ ਸਮਾਗਮ ਮੇਲੇ ਹੀ ਬਣਦੇ ਰਹਿਣਗੇ। ਹਰ ਕੋਈ ਜਾਣਦਾ ਹੈ ਕਿ ਪੰਡਾਲ ਵਿਚ ਕਥਾ-ਕੀਰਤਨ ਸ੍ਰਵਣ ਕਰਨ ਲਈ ਜੁੜੀਆਂ ਸੰਗਤਾਂ ਨਾਲੋਂ ਕਿਤੇ ਵਧ 'ਸੰਗਤਾਂ' ਪੰਡਾਲ ਤੋਂ ਬਾਹਰ ਲਗੇ ਖਾਣੇ ਦੇ ਵੱਖ-ਵੱਖ ਸਟਾਲਾਂ ਤੇ ਚਟਕਾਰੇ ਲੈਂਦੀਆਂ ਵਿਖਾਈ ਦਿੰਦੀਆਂ ਹਨ। ਸੱਚਾਈ ਤਾਂ ਇਹ ਵੀ ਹੈ ਕਿ ਆਸਾ ਦੀ ਵਾਰ ਤੋਂ ਰਹਿਰਾਸ ਸਾਹਿਬ ਦੇ ਪਾਠ ਤਕ ਦੇ ਸਮੇਂ ਦੌਰਾਨ, ਪੰਡਾਲ ਵਿਚ ਬੈਠੀਆਂ 'ਸੰਗਤਾਂ' ਵਿਚੋਂ ਵੀ ਕੁਝ ਹੀ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਮਨ ਕਥਾ-ਕੀਰਤਨ ਵਿਚ ਜੁੜਿਆ ਹੁੰਦਾ ਹੈ, ਵਧੇਰੇ ਤਾਂ ਆਪੋ-ਵਿਚ ਗਲਾਂ ਕਰਦੀਆਂ ਤੇ ਇਕ-ਦੂਜੇ ਨਾਲ ਦੁਖ-ਸੁਖ ਫਰੋਲਦੀਆਂ ਜਾਂ ਫਿਰ ਆਉਣ-ਜਾਣ ਵਾਲਿਆਂ ਵਿਚੋਂ ਆਪਣੇ ਰਿਸ਼ਤੇਦਾਰਾਂ ਜਾਂ ਜਾਣ-ਪਹਿਚਾਣ ਵਾਲਿਆਂ ਦੇ ਚੇਹਰੇ ਪਛਾਨਣ ਦੀ ਕੋਸ਼ਿਸ਼ ਕਰਦੀਆਂ ਹੀ ਨਜ਼ਰ ਆਉਂਦੀਆਂ ਹਨ।

ਸੰਕੀਰਣ ਸੋਚ : ਸ਼ਾਇਦ ਹੀ ਕਦੀ ਕਿਸੇ ਸਿੱਖ ਆਗੂ ਵਲੋਂ ਗੁਰੂ ਸਾਹਿਬਾਂ ਦੇ ਜੀਵਨ-ਇਤਿਹਾਸ ਦੇ ਉਨ੍ਹਾਂ ਪੰਨਿਆਂ ਨੂੰ ਪੜ੍ਹਿਆ, ਫਰੋਲਿਆ ਜਾਂ ਘੋਖਿਆ ਗਿਆ ਹੋਵੇ, ਜਿਨ੍ਹਾਂ ਵਿਚ ਦਰਜ ਹੈ, ਕਿ ਗੁਰੂ ਸਾਹਿਬਾਨ ਸਿੱਖੀ ਦੇ ਪ੍ਰਚਾਰ ਲਈ, ਪੈਦਲ ਤੇ ਕਈ ਵਾਰੀ ਨੰਗੇ ਪੈਰੀਂ ਵੀ ਖਤਰਨਾਕ ਜੰਗਲਾਂ-ਬੇਲਿਆਂ ਵਿਚੋਂ ਦੀ ਹੁੰਦੇ ਹੋਏ ਦੂਰ-ਦਰਾਜ਼ ਤਕ ਦੀਆਂ ਲੰਮੀਆਂ ਅਤੇ ਕਸ਼ਟਦਾਇਕ ਯਾਤ੍ਰਾਵਾਂ ਕਰਿਆ ਕਰਦੇ ਸਨ। ਉਹ ਦੂਜੇ ਧਰਮਾਂ ਦੇ ਤਿਉਹਾਰਾਂ ਦੇ ਮੌਕੇ 'ਤੇ ਉਨ੍ਹਾਂ ਦੇ ਧਰਮ ਅਸਥਾਨਾਂ ਤੇ ਜਾਂਦੇ ਤੇ ਉਨ੍ਹਾਂ ਦੀਆਂ ਪੂਜਾ-ਅਰਚਨਾ ਕਰਨ ਦੀਆਂ ਮਾਨਤਾਵਾਂ ਤੇ ਪਰੰਪਰਾਵਾਂ ਨੂੰ ਗੰਭੀਰਤਾ ਨਾਲ ਵੇਖਦੇ ਤੇ ਸਮਝਦੇ ਸਨ। ਫਿਰ ਉਨ੍ਹਾਂ ਨੂੰ ਹੀ ਆਧਾਰ ਬਣਾ ਕੇ ਉਥੇ ਜੁੜੇ ਲੋਕਾਂ ਨੂੰ ਸਿੱਖੀ ਦੇ ਪੂਜਾ-ਅਰਚਨਾ ਕਰਨ ਦੇ ਸਿਧਾਂਤਾਂ ਬਾਰੇ ਜਾਣਕਾਰੀ ਦਿੰਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ ਤੇ ਉਨ੍ਹਾਂ ਨੂੰ ਪ੍ਰਭਾਵਤ ਕਰ ਆਪਣੇ ਨਾਲ ਜੋੜਦੇ ਸਨ।

ਅਜ ਦੇ ਸਿੱਖੀ ਪ੍ਰਤੀ ਸਮਰਪਤ ਹੋਣ ਦੇ ਦਾਅਵੇਦਾਰ ਪ੍ਰਚਾਰਕਾਂ ਤੇ ਧਾਰਮਕ ਆਗੂਆਂ ਦਾ ਦੂਜੇ ਧਰਮਾਂ ਦੇ ਅਸਥਾਨਾਂ ਤੇ ਜਾ ਸਿੱਖੀ ਦਾ ਸੰਦੇਸ਼ ਦੇਣਾ ਤਾਂ ਦੂਰ ਰਿਹਾ, ਉਹ ਉਨ੍ਹਾਂ ਮਹਾਂਪੁਰਖਾਂ ਦੇ ਜਨਮ ਦਿਨਾਂ ਜਾਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਹੋਣ ਵਾਲੇ ਕਿਸੇ ਸਮਾਗਮ ਵਿਚ ਸ਼ਾਮਲ ਹੋਣਾ ਜਾਂ ਇਨ੍ਹਾਂ ਮੌਕਿਆਂ ਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਨਾਲ ਮਿਲ ਬੈਠਣਾ ਵੀ ਜ਼ਰੂਰੀ ਨਹੀਂ ਸਮਝਦੇ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਦਾ ਸਨਮਾਨ ਦਿਤਾ ਹੋਇਆ ਹੈ।

...ਅਤੇ ਅੰਤ ਵਿਚ : ਅਜਕਲ ਸਿੱਖ ਧਰਮ ਦੇ ਵਿਦਵਾਨਾਂ ਤੇ ਬੁਧੀਜੀਵੀਆਂ ਵਲੋਂ ਸਿੱਖੀ ਦਾ ਪ੍ਰਚਾਰ ਤੇ ਪਸਾਰ ਕਰਨ ਵਿਚ ਆਪਣੇ ਗਿਆਨ ਦੀ ਵਰਤੋਂ ਕਰਨ ਦੀ ਬਜਾਏ, ਪੂਰਾ ਜ਼ੋਰ ਇਸ ਗਲ ਤੇ ਲਾਇਆ ਜਾਂਦਾ ਹੈ ਕਿ ਕਿਸੇ ਤਰ੍ਹਾਂ ਉਹ ਆਪਣੇ ਆਪਨੂੰ ਸਾਰਿਆਂ ਨਾਲੋਂ ਵਧ ਵਿਦਵਾਨ ਅਤੇ ਸਿੱਖ ਧਰਮ ਅਤੇ ਇਤਿਹਾਸ ਦੇ ਖੋਜੀ ਸਾਬਤ ਕਰ ਸਕਣ। ਇਸ ਉਦੇਸ਼ ਲਈ ਉਹ ਪਹਿਲਾਂ ਤੋਂ ਹੀ ਪਏ ਹੋਏ ਭੁਲੇਖਿਆਂ ਨੂੰ ਦੂਰ ਕਰਨ ਦੇ ਨਾਂ ਤੇ ਅਜਿਹੇ ਨਵੇਂ ਭਰਮ-ਭੁਲੇਖੇ ਤੇ ਵਿਵਾਦ ਪੈਦਾ ਕਰ ਰਹੇ ਹਨ, ਜਿਨ੍ਹਾਂ ਨਾਲ ਸਮੁਚਾ ਸਿਖ ਜਗਤ ਦੁਬਿਧਾ ਵਿਚ ਪੈਂਦਾ ਜਾ ਰਿਹਾ ਹੈ। ਉਸਨੂੰ ਸਮਝ ਨਹੀਂ ਆ ਰਹੀ ਕਿ ਉਹ ਸਥਾਪਤ ਮਰਿਆਦਾਵਾਂ ਤੇ ਪਰੰਪਰਾਵਾਂ ਪੁਰ ਵਿਸ਼ਵਾਸ ਕਰੇ ਜਾਂ ਬੁਧੀਜੀਵੀਆਂ ਵਲੋਂ ਨਵੀਆਂ ਦਰਸਾਈਆਂ ਜਾ ਰਹੀਆਂ ਮਰਿਆਦਾਵਾਂ ਤੇ ਪਰੰਪਰਾਵਾਂ ਪੁਰ। ਇਸੇ ਦੁਬਿਧਾ ਦੇ ਫਲਸਰੂਪ ਉਸਦੇ ਦਿਲ ਵਿਚ ਵਿਸ਼ਵਾਸ ਅਤੇ ਅਵਿਸ਼ਵਾਸ ਵਿਚ ਸੰਘਰਸ਼ ਦੀ ਸਥਿਤੀ ਪੈਦਾ ਹੋ ਰਹੀ ਹੈ। ਇਸੇ ਦੁਬਿਧਾ ਭਰੇ ਸੰਘਰਸ਼ ਵਿਚੋਂ ਉਭਰਨ ਲਈ ਕੁਝ ਤਾਂ ਡੇਰਿਆਂ ਵਲ ਮੂੰਹ ਕਰ ਰਹੇ ਹਨ ਤੇ ਕੁਝ ਸਿੱਖੀ ਵਿਰਸੇ ਨਾਲੋਂ ਟੁਟ ਸਿੱਖੀ ਸਰੂਪ ਨੂੰ ਤਿਲਾਂਜਲੀ ਦੇਣ ਲਈ ਪ੍ਰੇਰਿਤ ਹੋ ਰਹੇ ਹਨ।

# ਟੁੱਟਣਹਾਰੇ

-ਅਮਰਜੀਤ ਚੰਦਨ

ਬੁਲਗਾਰੀਆ ਦੇਸ਼ ਦੀ ਰਾਜਧਾਨੀ ਸੋਫੀਆ ਵਿੱਚ ਰਹਿੰਦੀ ਸਾਇਰਾ ਅਲਤਾਫ ਦਾ ਨਿੱਕੀ ਹੁੰਦੀ ਤੋਂ ਲਾਡਲਾ ਨਾਂਅ ਪਵਨ ਹੈ। ਇਹਨੂੰ ਤੇਲ ਵਾਲੇ ਰੰਗਾਂ ਨਾਲ ਤਸਵੀਰਾਂ ਲਿਖਣ ਦਾ ਸ਼ੌਕ ਏ। ਚੰਗੀ ਗੱਲ ਇਹ ਵੇ ਕਿ ਇਸ ਨੇ ਇਹ ਹੁਨਰ ਲਾਹੌਰ ਜਾਂ ਲੰਡਨ ਦੇ ਆਰਟ ਕਾਲਜਾਂ 'ਚ ਜਾ ਕੇ ਨਹੀਂ ਸਿਖਿਆ। ਜਿਵੇਂ ਕੋਈ ਕੰਮ ਕਿਸੇ ਸ਼ੁਹਰਤ ਤੇ ਪੈਸੇ ਵਾਸਤੇ ਨਹੀਂ, ਆਪਣੇ ਵਾਸਤੇ ਕਰੇ, ਆਪਣੇ ਸੱਜਣਾਂ ਵਾਸਤੇ ਤੇ ਆਪਣੇ ਵਾਸਤੇ ਸੁਰੀਲਾ ਗਾਵਣ ਗਾਏ ਜਾਂ ਸੁਆਦੀ ਹਾਂਡੀ ਪਕਾਏ।

ਲਾਹੌਰ ਦੀ ਜੰਮਪਲ ਨਿੱਕੀ ਪਵਨ ਨੂੰ ਸਵਾਲ ਪੁੱਛੀ ਜਾਣ ਦੀ ਆਦਤ ਸੀ। ਇਹਦੇ ਵਸੀਕਾ ਨਵੀਸ ਅੱਬੇ ਨੇ ਇਸ ਦੀ ਖੱਬੀ ਤਲੀ 'ਤੇ ਬਗਲਾ ਵਾਹ ਕੇ ਆਖਣਾ ਕਿ ਮੈਨੂੰ ਕੰਮ ਕਰ ਲੈਣ ਦੇ। ਜੇ ਚੁੱਪ ਕਰ ਕੇ ਬੈਠੇਂਗੀ ਤਾਂ ਦੇਖੀਂ ਬਗਲਾ ਉਡ ਕੇ ਤੇਰੀ ਸੱਜੀ ਤਲੀ 'ਤੇ ਆ ਬੈਠੇਗਾ। ਪਵਨ ਨੇ ਚੁੱਪ ਕਰ ਕੇ ਮੁੱਠੀ ਮੀਚ ਕੇ ਬੈਠੀ ਰਹਿਣਾ। ਹਾਰ ਕੇ ਅੱਬੇ ਨੂੰ ਆਖਣਾ, 'ਮੇਰਾ ਹੱਥ ਉੱਡਦਾ ਕਰ ਦਿਓ।' ਫੇਰ ਅੱਬੇ ਨੇ ਜਾਦੂ ਨਾਲ ਬਗਲਾ ਉਹਦੀ ਸੱਜੀ ਤਲੀ 'ਤੇ ਲਿਆ ਬਿਠਾਉਣਾ।

ਪਵਨ ਵੱਡੀ ਹੋਈ ਤਾਂ ਬਹੁਤ ਸਾਰੇ ਫੁੱਲ ਬੂਟੇ ਨਮੂਨੇ ਇਸ ਸੱਜੀ ਤਲੀ ਤੋਂ ਉੱਡ ਕੇ ਜ਼ਨਾਨਾ ਸੂਟਾਂ ਦੇ ਕੱਪੜਿਆਂ 'ਤੇ ਛਪਣ ਲੱਗੇ, ਜਦ ਇਹ ਸਾਲ 1996-98 ਦੇ ਦੌਰਾਨ ਲਾਇਲਪੁਰ ਦੇ ਕੱਪੜਿਆਂ ਦੇ ਕਾਰਖਾਨੇ ਵਿੱਚ 'ਟੈਕਸਟਾਈਲ ਡਿਜ਼ਾਈਨਰ' ਦਾ ਕੰਮ ਕਰਦੀ ਸੀ। ਅੱਜ ਕੱਲ੍ਹ ਇਹ ਆਪਣੇ ਸ਼ੌਕ ਵਾਸਤੇ ਕੈਨਵਸ 'ਤੇ ਚਿੱਤਰ ਵਾਹੁੰਦੀ ਏ।

ਪਿਕਾਸੋ ਨੇ ਆਖਿਆ ਸੀ ਪਈ ਹਰ ਬਾਲ ਆਰਟਿਸਟ ਹੁੰਦਾ ਏ। ਸਵਾਲ ਹੈ ਕਿ ਉਹ ਵੱਡਿਆਂ ਹੋ ਕੇ ਆਰਟਿਸਟ ਕਿਵੇਂ ਬਣਿਆ ਰਵੇ। ਪਵਨ ਦੀਆਂ ਇਹ ਤਸਵੀਰਾਂ ਕਿਸੇ ਓਸ ਵੱਡੇ ਦੀਆਂ ਬਣਾਈਆਂ ਲੱਗਦੀਆਂ ਨੇ, ਜਿਹਦੀ ਅੱਖ, ਹੱਥ ਨਾਲ ਵਾਹੀ ਲੀਕ ਹਾਲੇ ਵੀ ਬਾਲਾਂ ਵਾਲੀ ਏ। ਇਨ੍ਹਾਂ ਵਿੱਚ ਮਾਸੂਮੀਅਤ, ਸ਼ਰਾਰਤ ਅਤੇ ਉਨਸ ਦਿਸਦੀ ਏ। ਜਿਵੇਂ ਕੋਈ ਹੁਸ਼ਿਆਰ ਬੱਚਾ ਆਪਣੇ ਘਰ ਦੇ ਜੀਆਂ ਅੱਗੇ ਬੈਠ ਕੇ ਸ਼ਕਲਾਂ ਵਾਹੁਣ ਦੀ ਕਾਰੀਗਰੀ ਕਰੇ, ਹਰ ਕੋਈ ਦੇਖ ਦੇਖ ਖੁਸ਼ ਹੋਵੇ, ਮਾਖੌਲ ਕਰੇ, ਦੇਖੋ, ਮੂੰਹ ਕਿੰਝ ਦਾ ਬਣਾਇਆ ਏ। ਅੱਖਾਂ, ਕੰਨ, ਮੂੰਹ, ਠੋਡੀ, ਪੈਰ, ਹੱਥ, ਆਖਿਰ ਸਾਰੇ ਮਿਲ ਕੇ ਕਹਿੰਦੇ ਨੇ, ਇਹ ਹੋਈ ਨਾ ਗੱਲ। ਫੇਰ ਬਣਾਣ ਵਾਲਾ ਵੀ ਖੁਸ਼ ਤੇ ਵੇਖਣ ਵਾਲੇ ਵੀ।

ਪਵਨ ਦੀਆਂ ਬਣਾਈਆਂ ਇਹ ਦੋ ਤਸਵੀਰਾਂ ਮੇਰੇ ਵਾਸਤੇ ਖਾਸ ਨੇ। ਇਸ ਲਈ ਵੀ ਕਿ ਚੁੱਪ ਵੱਟੀ ਬੈਠੇ ਦੋ ਜਣੇ ਮਜ਼ਹਰ ਤਿਰਮਜ਼ੀ ਤੇ ਅਕਰਮ ਵੜੈਚ ਮੇਰੇ 'ਜਿਗਰ' ਨੇ। (ਲਾਹੌਰੀ ਵਿੱਚ ਜਿਗਰੀ ਯਾਰ ਨੂੰ ਜਿਗਰ ਆਖਦੇ ਨੇ) ਸਾਹਮਣੇ ਦਿਸਦੇ ਅਸਲ ਨੂੰ ਭੰਨਣਾ, ਤੋੜਨਾ-ਮੁੜ ਜੋੜਨਾ ਇਹੀ ਚੰਗੇ ਹੁਨਰ ਦਾ ਕੰਮ ਏ। ਮੈਨੂੰ ਇਹ ਜਣੇ ਕਾਫਕੇ ਦੇ ਭੱਬੂ (ਕਾਕਰੋਚ) ਲੱਗਦੇ ਨੇ। ਕਦੇ ਇਹ ਮੁੜ ਬੰਦੇ ਬਣ ਜਾਂਦੇ ਨੇ, ਕਦੇ ਫੇਰ ਤੋਂ ਭੱਬੂ। ਚੰਗਾ ਸ਼ਗੁਲ ਲੱਗਾ ਹੋਇਆ ਏ। ਬੰਦਾ ਟੁੱਟਣਹਾਰ (ਅੰਗਰੇਜ਼ੀ 'ਚ ਵੱਲ-ਨਰੇਬਲ) ਏ। ਸੁਲਤਾਨ ਬਾਹੂ ਇਹਨੂੰ ਉਡਣਹਾਰਾ ਕਹਿੰਦਾ ਏ, ਤਾੜੀ ਮਾਰ ਉਡਾ ਨਾ ਬਾਹੂ, ਅਸੀਂ ਆਪੇ ਉਡਣਹਾਰੇ ਹੂ। ਹਰ ਪਲ ਟੁੱਟਣ ਟੁੱਟਣ ਕਰਦੀ ਆਪਣੀ ਹਸਤੀ ਨੂੰ ਬਚਾਅ ਬਚਾਅ ਰੱਖਣਾ ਕੋਈ ਸੌਖਾ ਕੰਮ ਤਾਂ ਨਹੀਂ। ਬੰਦੇ ਨੂੰ ਢਹਿਣੋਂ ਬਚਾਉਣਾ ਲਿਖਾਰੀ ਤੇ ਕਲਾਕਾਰ ਦਾ ਧਰਮ ਏ। ਇਸ ਤੋਂ ਵੱਡੇ ਦਾਅਵੇ ਕਰਨੇ ਕੂੜ ਗੱਲ ਏ। ਸਾਰੀ ਕੈਨਵਸ 'ਤੇ ਜੀਵਣ ਦੀ ਚਿੰਤਾ ਵਿਛੀ ਪਈ ਏ। ਅੱਜ ਦਾ ਪਲ ਹੱਥੋਂ ਨਿਕਲ ਨਾ ਜਾਵੇ। ਇਸ ਮੁੜ ਕਦੇ ਨਹੀਂ ਆਉਣਾ। ਇਹਨੂੰ ਬਚਾਈਏ, ਤਾਂ ਕਿਵੇਂ ਬਚਾਈਏ? ਇੱਕੋ ਢੰਗ ਏ, ਇਹਨੂੰ ਲਿਖ ਕੇ ਰੱਖ ਲਓ, ਸਿਆਹੀ ਨਾਲ ਜਾਂ ਰੰਗ ਨਾਲ ਜਾਂ ਕੈਮਰੇ ਨਾਲ ਤਸਵੀਰ ਖਿੱਚ ਲਓ। ਸਨਦ ਰਹੇਗੀ।

ਵੱਡੇ ਵੱਡੇ ਤਾਨਪੂਰਿਆਂ ਵਾਲੇ ਮਸਕੀਨ ਸਾਜ਼ਿੰਦੇ ਤੇ ਉਸਤਾਦ ਜੀ ਪਿਛਲੀ ਸਦੀ ਦੇ ਸ਼ੁਰੂ ਵਿੱਚ ਕਲੱਕਤੇ ਜਾ ਕੇ ਗਰਾਮੋਫੋਨ ਤਵੇ 'ਚ ਆਪਣੀਆਂ 'ਵਾਜਾਂ ਭਰਾਉਣ ਲੱਗੇ ਨੇ। ਤਸਵੀਰ ਵਿੱਚ ਜਾਮਨੀ ਰੰਗ ਭਾਰੂ ਏ, ਜੋ ਰਿਆਸਤੀ ਰਾਜਿਆਂ ਦਾ ਰੰਗ ਸੀ। ਨੀਝ ਲਾ ਕੇ ਦੇਖੋ, ਇਹ ਤਸਵੀਰ ਧਰੁਪਤ ਅੰਗ ਵਿੱਚ ਵੱਜਦੀ ਸੁਣੀਂਦੀ ਏ। ਇਸ ਤਸਵੀਰ ਵਿੱਚ ਨਿੱਕੀ ਜਿੰਨੀ ਕਰਦ ਨਾਲ ਲਾਈਆਂ ਰੰਗਾਂ ਦੀਆਂ ਮੋਟੀਆਂ ਤਹਿਆਂ ਵੀ, ਜਿਵੇਂ ਬੰਦੇ ਦੀ ਟੁੱਟਣਹਾਰੀ ਹਸਤੀ ਨੂੰ ਸਾਂਭਣ ਜੋਗੀਆਂ ਨਹੀਂ। ਪਵਨ, ਮਜ਼ਹਰ, ਅਕਰਮ, ਤੁਸੀਂ, ਮੈਂ ਹਰ ਕੋਈ ਇਨ੍ਹਾਂ ਦੀ ਸੰਗਤ ਪਿਆ ਕਰਦਾ ਏ। ਸ਼ੁਕਰ ਏ, ਹਾਲ ਦੀ ਘੜੀ ਜੀਊਣਾ ਏਨਾ ਔਖਾ ਨਹੀਂ।

## ਹਲਕਾ ਫੁਲਕਾ

ਸੋਨੂੰ (ਮੋਨੂੰ ਨੂੰ), ''ਸਮਾਂ ਕਿੰਨਾ ਬਦਲ ਗਿਆ ਹੈ ਨਾ।''

ਮੋਨੂੰ, ''ਕਿਵੇਂ?''

ਸੋਨੂੰ,''ਪਹਿਲਾਂ ਲੋਕ ਸਿਰਫ ਜਵੈਲਰੀ ਤੇ ਸੈਲਰੀ ਹੀ ਲੁਕਾਉਂਦੇ ਸਨ।''

ਮੋਨੂੰ, ''ਤੇ ਅੱਜ ਕੱਲ੍ਹ?''

ਸੋਨੂੰ, ''ਅੱਜ ਕੱਲ੍ਹ ਗੈਲਰੀ ਵੀ ਲੁਕਾਉਂਦੇ ਹਨ।''

*********

ਪਤਨੀ, ''ਤੁਹਾਡੇ ਸਿਰ 'ਚੋਂ ਖੂਨ ਕਿਉਂ ਨਿਕਲ ਰਿਹਾ ਹੈ?''

ਪਤੀ,''ਮੇਰੇ ਦੋਸਤ ਨੇ ਇੱਟ ਮਾਰ ਦਿੱਤੀ।''

ਪਤਨੀ,''ਤੁਸੀਂ ਵੀ ਮਾਰ ਦਿੰਦੇ। ਕੀ ਤੁਹਾਡੇ ਹੱਥ ਵਿੱਚ ਕੁਝ ਨਹੀਂ ਸੀ?''

ਪਤਨੀ, ''ਮੇਰੇ ਹੱਥ ਵਿੱਚ ਉਸ ਦੀ ਘਰਵਾਲੀ ਦਾ ਹੱਥ ਸੀ।''

ਇੰਨਾ ਸੁਣਨ ਦੀ ਦੇਰ ਸੀ ਕਿ ਪਤਨੀ ਨੇ ਪਤੀ ਦੇ ਸਿਰ ਵਿੱਚ ਇੱਕ ਹੋਰ ਇੱਟ ਮਾਰ ਦਿੱਤੀ।

*********

ਪਤੀ, ''ਮੇਰੀ ਛਾਤੀ ਵਿੱਚ ਬਹੁਤ ਦਰਦ ਹੋ ਰਹੀ ਹੈ। ਜਲਦੀ ਐਂਬੂਲੈਂਸ ਵਾਲਿਆਂ ਨੂੰ ਫੋਨ ਕਰ।''

ਪਤਨੀ, ''ਹਾਂ ਕਰਦੀ ਹਾਂ, ਆਪਣੇ ਮੋਬਾਈਲ ਦਾ ਪਾਸਵਰਡ ਦੱਸੋ।''

ਪਤੀ, ''ਰਹਿਣ ਦੇ, ਦਰਦ ਥੋੜ੍ਹਾ ਘੱਟ ਹੋਣ ਲੱਗ ਪਿਆ ਹੈ।''

# ਬਾਪੂ ਦੀ ਕਣਕ

-ਸ਼ਵਿੰਦਰ ਕੌਰ

ਅੱਜ ਕੱਲ੍ਹ ਜਿਣਸ ਖੇਤਾਂ ਵਿੱਚੋਂ ਸਿੱਧੀ ਮੰਡੀ ਵਿੱਚ ਜਾਂਦੀ ਹੈ, ਘਰ ਵਿੱਚ ਲੋੜ ਮੁਤਾਬਕ ਆਉਂਦੀ ਹੈ। ਜਦੋਂ ਖੇਤੀ ਦੇ ਸਾਰੇ ਕੰਮ ਹੱਥੀਂ ਕੀਤੇ ਜਾਂਦੇ ਸਨ ਤਾਂ ਇਨ੍ਹਾਂ ਲਈ ਬਹੁਤੇ ਹੱਥਾਂ ਦੀ ਲੋੜ ਹੁੰਦੀ ਸੀ। ਇਹ ਲੋੜ ਸਾਂਝਾਂ ਨੂੰ ਜਨਮ ਦਿੰਦੀ ਸੀ। ਰਲਮਿਲ ਕੰਮ ਕਰਦਿਆਂ ਮੋਹ ਮੁਹੱਬਤਾਂ ਪੈਦਾ ਹੁੰਦੀਆਂ ਸਨ। ਇਹ ਮੋਹ ਮਨੁੱਖ ਦਾ ਮਨੁੱਖ ਨਾਲ ਹੀ ਨਹੀਂ ਹੁੰਦਾ ਸੀ, ਸਗੋਂ ਕੰਮ 'ਚ ਮਦਦ ਕਰਨ ਵਾਲੇ ਪਸ਼ੂਆਂ ਅਤੇ ਫਸਲ ਨਾਲ ਵੀ ਭਾਵੁਕ ਸਾਂਝਾਂ ਬਣਦੀਆਂ ਸਨ। ਪਿੜਾਂ 'ਚ ਕਣਕ ਕੱਢਣ ਸਮੇਂ ਦੀਆਂ ਗੱਲਾਂ ਯਾਦ ਕਰਕੇ ਅੱਜ ਵੀ ਰੂਹ ਨੂੰ ਸਕੂਨ ਮਿਲਦਾ ਹੈ। ਅੱਜ ਵੀ ਜਦੋਂ ਉਸ ਸਮੇਂ ਦੀ ਇਕ ਯਾਦ ਅਤੀਤ ਦੇ ਝਰੋਖੇ 'ਚੋਂ ਨਿਕਲ ਕੇ ਖਿਆਲਾਂ 'ਤੇ ਹਾਵੀ ਹੋ ਜਾਂਦੀ ਹੈ ਤਾਂ ਮੁਰਝਾਇਆ ਮਨ ਵੀ ਫੁੱਲ ਵਾਂਗ ਖਿੜ ਜਾਂਦਾ ਹੈ।

ਪੰਜ ਕੁ ਦਹਾਕੇ ਪਹਿਲਾਂ ਹਾੜ੍ਹੀ ਦੀ ਫਸਲ ਕਣਕ ਦੀ ਵਾਢੀ ਤੋਂ ਉਹਨੂੰ ਦਾਣਿਆਂ ਤੱਕ ਬਦਲਣ ਦਾ ਸਫਰ ਦੋ ਢਾਈ ਮਹੀਨੇ ਲੰਬਾ ਹੁੰਦਾ ਸੀ। ਇਸ ਨੂੰ ਤੈਅ ਕਰਨਾ 'ਕੱਲੇ ਕਾਰੇ ਬੰਦੇ ਦੇ ਵਸ ਦੀ ਗੱਲ ਨਹੀਂ ਸੀ। ਰਲਮਿਲ ਕੇ ਚਾਰਾਜੋਈ ਕੀਤੀ ਜਾਂਦੀ ਸੀ। ਬੱਚਿਆਂ, ਔਰਤਾਂ ਅਤੇ ਮਰਦਾਂ ਸਭ ਭਾਗੀਦਾਰ ਬਣਦੇ ਸਨ। ਪਹਿਲਾਂ ਹੱਥੀਂ ਦਾਤੀਆਂ ਨਾਲ ਕਣਕ ਵੱਢੀ ਜਾਂਦੀ। ਫਿਰ ਉਸ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਜਾਂ ਫਿਰ ਮੰਡਲੀਆਂ ਲਾਈਆਂ ਜਾਂਦੀਆਂ। ਪਿੜ ਤਿਆਰ ਕਰਕੇ ਕਣਕ ਦਾ ਲਾਂਗਾ ਗੱਡਿਆਂ ਰਾਹੀਂ ਪਿੜ ਤੱਕ ਢੋਇਆ ਜਾਂਦਾ। ਫਲ੍ਹੇ ਅੱਗੇ ਬਲਦ ਜਾਂ ਊਠ ਜੋੜ ਕੇ ਉਸ ਨੂੰ ਗਾਹਿਆ ਜਾਂਦਾ। ਉਸ ਮਿਸ਼ਰਨ ਦੀ ਗੜ ਲਾਈ ਜਾਂਦੀ। ਸ਼ਾਮ ਨੂੰ ਪੱਛੋ ਚੱਲਣ 'ਤੇ ਕਣਕ ਅਤੇ ਤੂੜੀ ਵੱਖ-ਵੱਖ ਕੀਤੇ ਜਾਂਦੇ। ਰਾਤ ਨੂੰ ਦੋੜਿਆਂ ਦੀਆਂ ਪੰਡਾਂ ਬੰਨ੍ਹ ਕੇ ਤੂੜੀ ਸਿਰਾਂ 'ਤੇ ਘਰ ਤੱਕ ਢੋਈ ਜਾਂਦੀ। ਕਣਕ ਨੂੰ ਉਡਾ ਸੰਵਾਰ ਕੇ ਬੋਹਲ ਲਗਾ ਲਿਆ ਜਾਂਦਾ। ਪਿੰਡ ਦਾ ਮਹਾਜਨ ਤੱਕੜੀ ਵੱਟੇ ਲੈ ਕੇ ਪਿੜ ਵਿੱਚ ਪਹੁੰਚ ਜਾਂਦਾ ਅਤੇ ਕਣਕ ਤੋਲ-ਤੋਲ ਕੇ ਪੱਲੀਆਂ ਵਿੱਚ ਪਾਈ ਜਾਂਦਾ। ਪੱਲੀਆਂ ਦੀਆਂ ਪੰਡਾਂ ਸਿਰ ਉਪਰ ਰੱਖ ਕੇ ਕਣਕ ਘਰਾਂ ਵਿੱਚ ਢੋਈ ਜਾਂਦੀ। ਇਸ ਸਾਰੇ ਵਰਤਾਰੇ 'ਤੇ ਬੜਾ ਸਮਾਂ ਲੱਗਦਾ।

ਅੱਜ ਵਾਂਗ ਉਸ ਸਮੇਂ ਰੇਹ, ਸਪਰੇਅ ਦਾ ਕੋਈ ਨਾਮ ਨਹੀਂ ਸੀ ਜਾਣਦਾ ਹੁੰਦਾ। ਖੇਤਾਂ ਵਿੱਚ ਸਿਰਫ ਰੂੜੀ ਦੀ ਖਾਦ ਪਾਈ ਜਾਂਦੀ ਸੀ। ਕਣਕ ਦਾ ਝਾੜ ਹੁਣ ਵਾਂਗ ਨਹੀਂ ਨਿਕਲਦਾ ਸੀ। ਵੀਹ, ਪੱਚੀ ਮਣ ਕਿੱਲੇ ਦੀ ਕਣਕ ਹੋ ਜਾਣੀ ਤਾਂ ਬੱਲੇ-ਬੱਲੇ ਹੋ ਜਾਂਦੀ ਸੀ। ਕਣਕ ਬੀਜਣ ਸਮੇਂ ਕਿਸਾਨ ਨੇ ਕਣਕ ਦੀ ਪਹਿਲੀ ਮੁੱਠੀ ਕੇਰਨ ਤੋਂ ਪਹਿਲਾਂ ਕਹਿਣਾ, 'ਚਿੜੀ ਜਨੌਰ ਦੇ ਭਾਗੀਂ, ਰਾਹੀਂ ਪਾਂਧੀ ਦੇ ਭਾਗੀਂ, ਗਰੀਬ ਗੁਰਬੇ ਦੇ ਭਾਗੀਂ।' ਇਉਂ ਸਭ ਦੇ ਭਾਗ ਧਿਆ ਕੇ ਬਿਜਾਈ ਸ਼ੁਰੂ ਕਰਨੀ।

ਕਣਕ ਦਾ ਬੋਹਲ ਲਾ ਕੇ ਵੀ ਸਾਰਾ ਬੋਹਲ ਘਰ ਨਹੀਂ ਢੋਹਿਆ ਜਾਂਦਾ ਸੀ। ਸੇਪੀ ਵਾਲਾ ਕਾਰੀਗਰ, ਘੜੇ ਦੇ ਕੇ ਜਾਣ ਵਾਲਾ ਘੁਮਿਆਰ ਤੇ ਘਰਾਂ ਦੇ ਖੇਤੀ ਦੇ ਧੰਦੇ ਵਿੱਚ ਹਿੱਸਾ ਪਾਉਣ ਵਾਲੇ ਸਬਰ ਸੰਤੋਖ ਨਾਲ ਆਪਣਾ-ਆਪਣਾ ਹਿੱਸਾ ਲੈ ਕੇ ਜਾਂਦੇ ਸਨ। ਮਿਹਨਤ ਦਾ ਮੁੱਲ ਨਗਦੀ ਦੀ ਥਾਂ ਜਿਣਸ ਦੇ ਕੇ ਤਾਰਿਆ ਜਾਂਦਾ। ਬੱਚੇ ਗਰਮੀ ਵਿੱਚ ਕਦੇ ਪਿੜ ਵਿੱਚ ਪਾਣੀ ਦੇਣ ਜਾਂਦੇ ਸਨ। ਥੋੜ੍ਹਾ ਵੱਡੇ ਫਲ੍ਹੇ ਹੱਕਣ ਵਿੱਚ ਵੇਲੇ ਕੁਵੇਲੇ ਮਦਦ ਕਰਦੇ ਸਨ। ਉਨ੍ਹਾਂ ਦਾ ਵੀ ਖਿਆਲ ਰੱਖਿਆ ਜਾਂਦਾ ਸੀ। ਬੋਹਲ ਚੁੱਕਣ ਸਮੇਂ ਉਨ੍ਹਾਂ ਦੇ ਝੱਗੇ ਦੀ ਝੋਲੀ ਵਿੱਚ ਵੀ ਦੋ-ਦੋ ਬੁੱਕ ਕਣਕ ਪਾ ਦਿੱਤੀ ਜਾਂਦੀ ਸੀ।

ਸਾਡੇ ਗੁਆਂਢ ਵਿੱਚ ਅਲੀ ਮੁਹੰਮਦ ਦਾ ਪਰਵਾਰ ਰਹਿੰਦਾ ਸੀ। ਸਾਲ ਕੁ ਪਹਿਲਾਂ ਸਾਡੇ ਗੁਆਂਢੀ, ਜੋ ਵਿਦੇਸ਼ ਵਿੱਚ ਰਹਿੰਦੇ ਸਨ, ਆਪਣੇ ਖਾਲੀ ਘਰ ਵਿੱਚ ਉਨ੍ਹਾਂ ਨੂੰ ਬਿਠਾ ਗਏ ਸਨ। ਉਨ੍ਹਾਂ ਨੇ ਘਰ ਵਿੱਚ ਕੋਹਲੂ ਲਾਇਆ ਸੀ, ਜਿਸ ਨਾਲ ਉਹ ਪਿੰਡ ਵਾਲਿਆਂ ਨੂੰ ਸਰ੍ਹੋਂ ਦਾ ਤੇਲ ਕੱਢ ਕੇ ਦਿੰਦੇ ਸਨ। ਉਨ੍ਹਾਂ ਦੇ ਘਰ ਇਕ ਪੇਂਜਾ ਸੀ, ਜਿਸ ਨਾਲ ਸਾਰੇ ਉਨ੍ਹਾਂ ਤੋਂ ਰਜਾਈਆਂ ਭਰਾਉਂਦੇ ਸਨ। ਇਉਂ ਉਨ੍ਹਾਂ ਰੋਟੀ ਰੋਜ਼ੀ ਦਾ ਸੁਹਣਾ ਜੁਗਾੜ ਬਣਾਇਆ ਹੋਇਆ ਸੀ। ਉਨ੍ਹਾਂ ਦੀ ਬੇਟੀ ਸ਼ਮੀਮ ਮੇਰੀ ਹਾਣੀ ਸੀ। ਉਹ ਵੀ ਸਾਡੀ ਰੀਸ ਨਾਲ ਬਾਪੂ ਜੀ ਨੂੰ ਬਾਪੂ ਅਤੇ ਬੇਬੇ ਨੂੰ ਬੇਬੇ ਕਹਿੰਦੀ ਸੀ।

ਇਕ ਦਿਨ ਜਦੋਂ ਚਾਚੇ ਹੋਰੀਂ ਕਣਕ ਢੋਅ ਰਹੇ ਸਨ, ਅਸੀਂ ਪਿੜ ਵੱਲ ਛਾਲਾਂ ਚੁੱਕ ਦਿੱਤੀਆਂ। ਸਾਨੂੰ ਭੱਜੇ ਜਾਂਦੇ ਦੇਖ ਕੇ ਸ਼ਮੀਮ ਪੁੱਛਣ ਲੱਗੀ, 'ਤੁਸੀਂ ਕਿੱਥੇ ਚੱਲੇ ਐਂ?' ਅਸੀਂ ਭੱਜੇ ਜਾਂਦਿਆਂ ਨੇ ਦੱਸ ਦਿੱਤਾ ਕਿ ਅਸੀਂ ਪਿੜ ਵਿੱਚੋਂ ਰੀੜ੍ਹੀ ਲੈਣ ਚੱਲੇ ਹਾਂ। ਉਹ ਭੱਜੀ-ਭੱਜੀ ਆਪਣੀ ਮਾਂ ਕੋਲ ਗਈ ਤੇ ਸਾਡੇ ਰੀੜ੍ਹੀ ਲੈਣ ਜਾਣ ਬਾਰੇ ਦੱਸਿਆ। ਉਸ ਦੀ ਮਾਂ ਸੈਦੋ ਕਹਿੰਦੀ, 'ਜਾ ਤੂੰ ਵੀ ਮਗਰੇ ਭੱਜ ਜਾ, ਬਾਈ ਤੋਂ ਰੀੜ੍ਹੀ ਲੈ ਆ।' ਸੈਦੋ ਦੇ ਪੇਕੇ ਸਾਡੇ ਪਿੰਡ ਦੇ ਲਾਗੇ ਹੋਣ ਕਰਕੇ ਉਹ ਮੇਰੇ ਬਾਪੂ ਜੀ ਨੂੰ ਬਾਈ ਕਹਿੰਦੀ ਸੀ। ਸ਼ਮੀਮ ਵੀ ਸਾਡੇ ਮਗਰੇ ਭੱਜ ਤੁਰੀ, ਪਰ ਅਸੀਂ ਕਿੱਥੇ ਡਾਹ ਦੇਣ ਵਾਲੇ ਸਾਂ। ਸ਼ਮੀਮ ਦੇ ਪਹੁੰਚਣ ਤੋਂ ਪਹਿਲਾਂ ਅਸੀਂ ਆਪਣੇ ਹਿੱਸੇ ਦੀ ਕਣਕ ਝੱਗੇ ਦੀਆਂ ਝੋਲੀਆਂ ਵਿੱਚ ਪਵਾ ਕੇ ਚਾਚੇ ਸੋਹਣ ਦੀ ਹੱਟੀ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਸ਼ਮੀਮ ਪਹੁੰਚੀ ਤਾਂ ਸਾਡੇ ਬਾਪੂ ਨੇ ਦੋ ਬੁੱਕ ਕਣਕ ਉਸ ਦੀ ਝੋਲੀ ਵਿੱਚ ਵੀ ਪਾ ਦਿੱਤੀ।

ਸ਼ਮੀਮ ਉਚੀ-ਉਚੀ ਰੋਂਦੀ ਘਰ ਪਹੁੰਚੀ। ਉਸ ਨੂੰ ਰੋਂਦ ਸੁਣ ਕੇ ਬੇਬੇ ਹੋਰੀਂ ਵੀ ਬਾਹਰ ਆ ਗਈਆਂ। 'ਤੈਨੂੰ ਕੀ ਹੋਇਆ?' ਉਸ ਦੀ ਮਾਂ ਨੇ ਪੁੱਛਿਆ। ਉਹਨੇ ਹੌਕੇ ਭਰਦਿਆਂ ਗੱਲ ਦੱਸੀ, 'ਬੀਬੀ, ਬਾਪੂ ਨੇ ਮੈਨੂੰ ਰੀੜ੍ਹੀ ਤਾਂ ਦਿੱਤੀ ਨਹੀਂ, ਕਣਕ ਦੇ'ਤੀ।' ਉਸ ਦੀ ਗੱਲ ਸੁਣ ਕੇ ਸਾਰੇ ਹੱਸ-ਹੱਸ ਲੋਟ ਪੋਟ ਹੋ ਗਏ। ਅੱਜ ਕੱਲ੍ਹ ਸਾਡੇ ਬੱਚੇ ਸ਼ਮੀਮ ਤੋਂ ਵੀ ਵਧ ਕੇ ਹਨ। ਨਾ ਉਨ੍ਹਾਂ ਨੂੰ ਬੋਹਲ ਦਾ ਪਤਾ ਹੈ, ਨਾ ਰੀੜ੍ਹੀ ਦਾ। ਤਰੱਕੀ ਦੀ ਵਾਹੋ ਦਾਹੀ ਦੀ ਦੌੜ ਵਿੱਚ ਧੂੜ ਵਿੱਚ ਸਾਂਝਾਂ ਦੇ ਰਾਹ ਗੁਆਚ ਗਏ ਹਨ। ਮਨੁੱਖ ਮਸ਼ੀਨਾਂ ਨਾਲ ਮਸ਼ੀਨ ਹੀ ਤਾਂ ਹੋ ਗਿਆ ਹੈ।

## ਆਰ ਟੀ ਆਈ ਐਕਟ:

# ਬਲੈਕਮੇਲਿੰਗ ਰੋਕੋ ਭ੍ਰਿਸ਼ਟਾਚਾਰ ਘੱਟ ਕਰਾਓ

-ਸ਼ੈਲੇਸ਼ ਗਾਂਧੀ

ਭਾਰਤ 'ਚ ਦੁਨੀਆ ਦੇ ਸਰਵ ਸ੍ਰੇਸ਼ਠ ਕਾਨੂੰਨਾਂ ਵਿੱਚੋਂ 'ਸੂਚਨਾ ਦਾ ਅਧਿਕਾਰ' (ਆਰ ਟੀ ਆਈ) ਕਾਨੂੰਨ ਇੱਕ ਹੈ। ਇਸ ਨੇ ਇੱਕ ਸੱਚੇ ਲੋਕਤੰਤਰ ਲਈ ਮੁਹਿੰਮ ਸ਼ੁਰੂ ਕੀਤੀ ਹੈ, ਇਹ ਪਛਾਣਦੇ ਹੋਏ ਇਥੇ ਲਾਜ਼ਮੀ ਤੌਰ ਉਤੇ ਇੱਕ ਅਜਿਹੀ ਸਰਕਾਰ ਹੋਵੇ, ਜੋ ਲੋਕਾਂ ਦੀ, ਲੋਕਾਂ ਵੱਲੋਂ ਅਤੇ ਲੋਕਾਂ ਲਈ ਹੋਵੇ। ਜਿੱਥੇ ਨਾਗਰਿਕਾਂ ਨੇ ਇਸ ਨੂੰ ਅਪਣਾ ਲਿਆ ਹੈ, ਉਥੇ ਹੀ ਸੱਤਾ ਵਿੱਚ ਬੈਠੇ ਸਾਰੇ ਵਰਗਾਂ ਦੇ ਨੇਤਾ ਇਸ ਤੋਂ ਬਹੁਤ ਪ੍ਰੇਸ਼ਾਨੀ ਮਹਿਸੂਸ ਕਰਦੇ ਹਨ। ਭ੍ਰਿਸ਼ਟ ਲੋਕ ਸੁਭਾਵਿਕ ਕਾਰਨਾਂ ਕਰ ਕੇ ਇਸ ਨੂੰ ਨਾਪਸੰਦ ਕਰਦੇ ਅਤੇ ਇਮਾਨਦਾਰ ਲੋਕ ਇਸ ਨੂੰ ਉਨ੍ਹਾਂ ਦੇ ਹੰਕਾਰ ਦਾ ਤ੍ਰਿਸਕਾਰ ਮੰਨਦੇ ਹਨ। ਕਈ ਗੈਰ ਕਾਨੂੰਨੀ ਢੰਗਾਂ ਨਾਲ, ਜਿਵੇਂ ਸੂਚਨਾ ਵਿੱਚ ਰੁਕਾਵਟ ਪਾਉਣਾ, ਕਾਨੂੰਨ ਤੇ ਸੂਚਨਾ ਦੀ ਗਲਤ ਵਿਆਖਿਆ ਕਰ ਕੇ ਕਮਿਸ਼ਨ ਫੈਸਲੇ ਲੈਣ 'ਚ ਬਹੁਤ ਲੰਮਾ ਸਮਾਂ ਲਾਉਂਦੇ ਹਨ, ਜਿਸ ਨਾਲ ਕਾਨੂੰਨ ਬੇਅਸਰ ਬਣ ਜਾਂਦਾ ਹੈ।

ਇੱਕ ਹੋਰ ਔਜ਼ਾਰ, ਜੋ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ, ਸੱਤਾ ਵਿੱਚ ਬੈਠੇ ਲੋਕਾਂ ਲਈ ਹੈ, ਜੋ ਆਰ ਟੀ ਆਈ ਦੀ ਵਰਤੋਂ ਕਰਨ ਵਾਲਿਆਂ ਨੂੰ ਇਹ ਕਹਿ ਕੇ ਇਸ ਨੂੰ ਇੱਕ 'ਅਣਲੋੜੀਂਦੀ ਝੱਗ' ਦੱਸਦੇ ਹਨ ਕਿ ਉਹ ਦੇਸ਼ ਦੇ ਵਿਕਾਸ ਵਿੱਚ ਰੁਕਾਵਟ ਪਾ ਰਹੇ ਹਨ ਜਾਂ ਨਾਗਰਿਕਾਂ ਵਿਚਾਲੇ ਸ਼ਾਂਤੀ ਅਤੇ ਆਪਸੀ ਮੇਲ-ਮਿਲਾਪ ਨੂੰ ਖਤਮ ਕਰਦੇ ਹਨ। ਅਜਿਹੀਆਂ ਕਈ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ।

ਆਰ ਟੀ ਆਈ ਦੀ ਵਰਤੋਂ ਕਰਨ ਵਾਲਿਆਂ ਦੇ ਵਿਰੁੱਧ ਪੁਲਸ ਕੋਲ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ, ਕੁਝ ਸੰਸਥਾਵਾਂ ਸੂਚਨਾ ਜਾਂ ਜਾਣਕਾਰੀ ਦੇਣ ਤੋਂ ਇਨਕਾਰ ਕਰਦੀਆਂ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦੇ ਗਲਤ ਕੰਮਾਂ ਦਾ ਕੱਚਾ ਚਿੱਠਾ ਖੁੱਲ੍ਹ ਜਾਂਦਾ ਹੈ। ਇਸ ਨਾਲ ਆਪਣੇ ਬੁਨਿਆਦੀ ਹੱਕਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਉਨ੍ਹਾਂ ਨੂੰ 'ਲੁਟੇਰੇ' ਅਤੇ 'ਬਲੈਕ ਮੇਲਰਜ਼' ਕਹਿਣ ਦਾ ਮੌਕਾ ਮਿਲ ਜਾਂਦਾ ਹੈ। ਕਈ ਵਾਰ ਇਸ ਦਾ ਨਤੀਜਾ ਕਤਲ ਦੇ ਰੂਪ 'ਚ ਨਿਕਲਦਾ ਹੈ।

ਮੈਂ ਚਾਹੁੰਦਾ ਹਾਂ ਕਿ ਵਿਧਾਨਕ ਅਤੇ ਸੰਵਿਧਾਨਕ ਅਥਾਰਟੀਆਂ ਪਾਰਦਰਸ਼ਿਤਾ ਅਤੇ ਮਾਨਤਾ ਦਾ ਇੱਕ ਸਭਿਆਚਾਰ ਵਿਕਸਿਤ ਕਰਨ, ਜਿਸ ਵਿੱਚ ਨਾਗਰਿਕ ਦੇਸ਼ ਦੇ ਮਾਲਕ ਹੋਣ ਅਤੇ ਉਨ੍ਹਾਂ 'ਤੇ ਕਾਨੂੰਨ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਹੋਵੇ। ਜੋ ਨਾਗਰਿਕ ਆਰ ਟੀ ਆਈ ਦੀ ਵਰਤੋਂ ਕਰਦੇ ਹਨ, ਉਹ ਉਨ੍ਹਾਂ ਦੇ ਕੰਮ 'ਚ ਰੁਕਾਵਟ ਨਹੀਂ ਬਣਦੇ, ਸਗੋਂ ਉਹ ਲਾਹੇਵੰਦ ਤੇ ਜਾਇਜ਼ ਜਾਗਰੂਕਤਾ ਇੰਸਪੈਕਟਰ ਹੁੰਦੇ ਹਨ, ਨਹੀਂ ਤਾਂ ਲੋਕਤੰਤਰ ਅਤੇ ਆਰ ਟੀ ਆਈ ਨੂੰ ਬਚਾਉਣ ਲਈ ਇੱਕ ਹੋਰ ਅੰਦੋਲਨ ਦੀ ਲੋੜ ਪੈ ਸਕਦੀ ਹੈ।

ਆਮ ਤੌਰ ਉਤੇ ਜਨ ਸੂਚਨਾ ਅਧਿਕਾਰੀ (ਆਈ ਪੀ ਓਜ਼) ਲਗਾਤਾਰ ਆਰ ਟੀ ਆਈ ਲਈ ਅਰਜ਼ੀ ਦੇਣ ਵਾਲਿਆਂ ਨੂੰ ਬਲੈਕ ਮੇਲਰਜ਼, ਪ੍ਰੇਸ਼ਾਨ ਕਰਨ ਵਾਲੇ ਅਤੇ ਆਰ ਟੀ ਆਈ ਦੀ ਦੁਰਵਰਤੋਂ ਕਰਨ ਵਾਲੇ ਆਖਦਦੇ ਹਨ। ਮੈਂ ਵੱਡੀ ਗਿਣਤੀ ਵਿੱਚ ਆਰ ਟੀ ਆਈ ਅਰਜ਼ੀ ਦੇਣ ਵਾਲਿਆਂ ਨੂੰ ਮੁੱਖ ਤੌਰ 'ਤੇ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੈ :

* ਉਹ ਲੋਕ, ਜੋ ਭ੍ਰਿਸ਼ਟਾਚਾਰ ਜਾਂ ਮਨਮਰਜ਼ੀਆਂ ਦਾ ਭਾਂਡਾ ਭੰਨਣ ਦੀ ਉਮੀਦ ਨਾਲ ਆਰ ਟੀ ਆਈ ਲਈ ਅਰਜ਼ੀ ਦੇਂਦੇ ਹਨ ਅਤੇ ਉਨ੍ਹਾਂ ਨੂੰ ਪ੍ਰਸ਼ਾਸਨ ਵਿੱਚ ਸੁਧਾਰ, ਦਰੁਸਤ ਕਰਨ ਦੀ ਉਮੀਦ ਹੁੰਦੀ ਹੈ।
* ਉਹ ਲੋਕ, ਜਿਹੜੇ ਕਿਸੇ ਗਲਤੀ ਨੂੰ ਸੁਧਾਰਨ ਲਈ ਵਾਰ-ਵਾਰ ਅਰਜ਼ੀ ਦਿੰਦੇ ਹਨ, ਜਿਸ ਨੂੰ ਉਹ ਆਪਣੇ ਨਾਲ ਕੀਤੀ ਗਈ ਗਲਤੀ ਮੰਨਦੇ ਹਨ, ਉਨ੍ਹਾਂ ਦਾ ਮੂਲ ਇਰਾਦਾ ਆਪਣੇ ਲਈ ਇਨਸਾਫ ਪ੍ਰਾਪਤ ਕਰਨਾ ਹੁੰਦਾ ਹੈ।
* ਉਹ ਲੋਕ, ਜੋ ਦੂਜਿਆਂ ਨੂੰ ਬਲੈਕਮੇਲ ਕਰਨ ਲਈ ਆਰ ਟੀ ਆਈ ਦੀ ਵਰਤੋਂ ਕਰਦੇ ਹਨ। ਇਹ ਮੁੱਖ ਤੌਰ 'ਤੇ ਨਾਜਾਇਜ਼ ਇਮਾਰਤਾਂ, ਮਾਈਨਿੰਗ ਤੇ ਕੁਝ ਹੋਰ ਗੱਲਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜੋ ਕਾਨੂੰਨ ਨੂੰ ਉਲਝਾ ਦਿੰਦੀਆਂ ਹਨ।

ਇਹ ਬਲੈਕ ਮੇਲਰ ਤਿੰਨਾਂ ਸ਼੍ਰੇਣੀਆਂ ਮਿਲ ਕੇ ਕਮਿਸ਼ਨ ਨੂੰ ਪੇਸ਼ ਕੁਲ ਅਪੀਲਾਂ ਅਤੇ ਸ਼ਿਕਾਇਤਾਂ ਦਾ ਲਗਭਗ 10 ਫੀਸਦੀ ਬਣ ਸਕਦੀਆਂ ਹਨ। ਇਹ ਆਰ ਟੀ ਆਈ ਦੀ ਲਗਾਤਾਰ ਵਰਤੋਂ ਕਰਨ ਵਾਲਿਆਂ ਦੀ




ਨੁਮਾਇੰਦਗੀ ਕਰਦੇ ਹਨ, ਜਿਨ੍ਹਾਂ ਨੂੰ ਆਮ ਤੌਰ 'ਤੇ ਅਪੀਲਾਂ ਅਤੇ ਪ੍ਰਕਿਰਿਆ ਦੀ ਜਾਣਕਾਰੀ ਹੁੰਦੀ ਹੈ। ਕੋਈ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਪਹਿਲੀ ਸ਼੍ਰੇਣੀ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ ਤੇ ਇਸ ਵਿੱਚ ਹੌਲੀ ਹੌਲੀ ਵਾਧਾ ਹੋ ਰਿਹਾ ਹੈ।

ਦੂਜੀ ਸ਼੍ਰੇਣੀ ਵਿੱਚ ਅਜਿਹੇ ਲੋਕ ਹਨ, ਜੋ ਸਹੀ ਕਾਰਵਾਈ ਹਾਸਲ ਕਰਨ 'ਚ ਸਫਲ ਹੁੰਦੇ ਹਨ ਅਤੇ ਕੁਝ ਅਜਿਹੇ ਹਨ, ਜਿਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਨਹੀਂ ਹੁੰਦਾ। ਆਮ ਤੌਰ 'ਤੇ ਤੀਜੀ ਸ਼੍ਰੇਣੀ ਲਈ ਸਾਡੇ ਸਾਰਿਆਂ ਵਿੱਚ ਨਫਰਤ ਭਰੀ ਹੁੰਦੀ ਹੈ, ਜਿਹੜੇ ਆਰ ਟੀ ਆਈ ਦੀ ਵਰਤੋਂ ਪੈਸਾ ਬਣਾਉਣ ਲਈ ਕਰਦੇ ਹਨ। ਯਕੀਨੀ ਤੌਰ 'ਤੇ ਇਸ ਸ਼੍ਰੇਣੀ ਦੇ ਲੋਕਾਂ (ਬਲੈਕਮੇਲਰਾਂ) ਦੀ ਗਿਣਤੀ ਪੰਜ ਫੀਸਦੀ ਤੋਂ ਵੱਧ ਨਹੀਂ ਹੈ।

ਇੱਕ ਦਲੀਲ ਇਹ ਹੈ ਕਿ ਜ਼ਿਆਦਾ ਕਾਨੂੰਨਾਂ ਨੂੰ ਲਾਗੂ ਕਰਨ 'ਚ ਕੁਝ ਲੋਕ ਇਨ੍ਹਾਂ ਦੀਆਂ ਧਾਰਾਵਾਂ ਦੀ ਦੁਰਵਰਤੋਂ ਕਰਨਗੇ। ਇਹ ਦੋਸ਼ ਲਾਇਆ ਜਾਂਦਾ ਹੈ ਕਿ ਦਾਜ ਸੰਬੰਧੀ ਐਕਟ, ਜਿਨਸੀ ਸ਼ੋਸ਼ਣ ਐਕਟ, ਸ਼ੋਸ਼ਣ ਅਤੇ ਹੋਰ ਕਈ ਕਾਨੂੰਨਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਕਿਸੇ ਵੀ ਕਾਨੂੰਨ ਦੀ ਦੁਰਵਰਤੋਂ ਜ਼ਿਆਦਾਤਰ ਸਮਾਜ ਵਿੱਚ ਲੋਕਾਂ ਦੀ ਕਿਸਮ ਉਤੇ ਨਿਰਭਰ ਕਰਦੀ ਹੈ ਤੇ ਇਸ ਗੱਲ ਉਤੇ ਵੀ ਕਿ ਕੀ ਨਿਆਂ ਪ੍ਰਣਾਲੀ ਗਲਤੀ ਕਰਨ ਵਾਲੇ ਨੂੰ ਸਜ਼ਾ ਦੇਣ ਦੇ ਸਮਰੱਥ ਹੈ?

ਨਾਜਾਇਜ਼ ਸਰਗਰਮੀਆਂ ਵਿੱਚ ਸ਼ਾਮਲ ਕਿਸੇ ਅਧਿਕਾਰੀ ਜਾਂ ਵਿਅਕਤੀ ਨੂੰ ਬਲੈਕਮੇਲ ਕਰਨਾ ਗੈਰ ਕਾਨੂੰਨੀ ਕੰਮ ਹੈ। ਇਸ ਵੱਲ ਧਿਆਨ ਦੇਣਾ ਤੇ ਰੋਕ ਲਾਉਣਾ ਵੱਖ-ਵੱਖ ਸਰਕਾਰੀ ਅਫਸਰਾਂ ਦਾ ਕੰਮ ਹੈ, ਨਾਗਰਿਕ ਤਾਂ ਅਸਲ ਵਿੱਚ ਜਾਗਰੂਕਤਾ ਨਿਗਰਾਨੀ ਦਾ ਕੰਮ ਕਰਦਾ ਹੈ, ਕਿਉਂਕਿ ਸਰਕਾਰੀ ਅਫਸਰਾਂ ਦੇ ਮੁਤਾਬਕ ਆਰ ਟੀ ਆਈ ਬਲੈਕ ਮੇਲਰ ਭਾਂਡਾ ਭੰਨਣ ਦੀ ਧਮਕੀ ਦੇ ਕੇ ਕਿਸੇ ਗੈਰ ਕਾਨੂੰਨੀ ਕਾਰਵਾਈ ਨੂੰ ਚੁਣੌਤੀ ਦਿੰਦੇ ਅਤੇ ਸਿੱਟੇ ਵਜੋਂ ਧਨ ਬਟੋਰਦੇ ਹਨ।

ਜੇ ਕੋਈ ਕਾਰਵਾਈ ਮੀਡੀਆ ਨਾਲ ਜੁੜੇ ਲੋਕਾਂ ਵਿਰੁੱਧ ਕੀਤੀ ਜਾਵੇ ਤਾਂ ਹੰਗਾਮਾ ਮਚ ਜਾਵੇਗਾ। ਪਰਸੋਨਲ ਅਤੇ ਸਿਖਲਾਈ ਵਿਭਾਗ ਵੱਲੋਂ ਇਸ ਦਾ ਸਾਧਾਰਨ ਜਿਹਾ ਹੱਲ ਲੱਭਿਆ ਗਿਆ ਅਤੇ ਮਹਾਰਾਸ਼ਟਰ ਸਰਕਾਰ ਦੇ ਸਰਕੂਲਰ 'ਚ ਸਾਰੇ ਅਧਿਕਾਰੀਆਂ ਨੂੰ ਸਾਰੇ ਸਵਾਲ ਤੇ ਜਵਾਬ ਆਪੋ-ਆਪਣੀ ਵੈੱਬਸਾਈਟ 'ਤੇ ਅਪਲੋਡ ਕਰਨ ਲਈ ਕਿਹਾ ਗਿਆ ਹੈ।

ਜਿੱਥੇ ਪਹਿਲਾਂ ਹੀ ਸੂਚਨਾ ਦੇ ਦਿੱਤੀ ਗਈ ਹੋਵੇ, ਲੋਕ ਉਸ ਬਾਰੇ ਨਹੀਂ ਪੁੱਛ ਸਕਦੇ। ਜੇ ਉਹ ਪੁੱਛਦੇ ਹਨ ਤਾਂ ਜਨ ਸੂਚਨਾ ਅਧਿਕਾਰੀ ਲਈ ਜੁਆਬ ਦੇਣਾ ਸੌਖਾ ਹੁੰਦਾ ਹੈ। ਜੇ ਕੋਈ ਬਿਨੈਕਾਰ ਵਾਰ-ਵਾਰ ਇੱਕੋ ਵਿਸ਼ੇ 'ਤੇ ਜਾਣਕਾਰੀ ਲਈ ਅਰਜ਼ੀ ਦਿੰਦਾ ਹੈ ਤਾਂ ਇਸ ਨਾਲ ਅਜਿਹੇ ਬਿਨੈਕਾਰਾਂ ਦਾ ਵੀ ਭਾਂਡਾ ਭੱਜੇਗਾ। ਜੇ ਸੂਚਨਾ ਵੈੱਬਸਾਈਟ 'ਤੇ ਹੋਵੇਗੀ ਤਾਂ ਕਿਸੇ ਨੂੰ ਬਲੈਕਮੇਲ ਨਹੀਂ ਕੀਤਾ ਜਾ ਸਕੇਗਾ। ਸੁਭਾਵਿਕ ਕਾਰਨਾਂ ਕਰ ਕੇ ਅਧਿਕਾਰੀ ਅਜਿਹਾ ਨਹੀਂ ਕਰਦੇ ਕਿਉਂਕਿ ਇਸ ਨਾਲ ਉਨ੍ਹਾਂ ਦੀ ਮਾਨਸਿਕਤਾ ਸਾਹਮਣੇ ਆ ਜਾਵੇਗੀ। ਹਰ ਤਰ੍ਹਾਂ ਦੀ ਬਲੈਕਮੇਲਿੰਗ ਨੂੰ ਰੋਕੋ ਤੇ ਭ੍ਰਿਸ਼ਟਾਚਾਰ ਵਿੱਚ ਕਮੀ ਲਿਆਓ।



# ਡਰੱਗ ਕੇਸ ਵਿੱਚ ਗਵਾਹੀ ਲਈ ਬੋਨੀ ਅਦਾਲਤ ਪੁੱਜੇ



ਐਸ ਏ ਐਸ ਨਗਰ, 21 ਨਵੰਬਰ (ਪੋਸਟ ਬਿਊਰੋ)- ਮੋਹਾਲੀ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਵਿੱਚ ਚੱਲਦੇ ਬਹੁ-ਚਰਚਿਤ 400 ਕਰੋੜ ਡਰੱਗਜ਼ ਘੁਟਾਲਾ ਕੇਸ ਵਿੱਚ ਸਾਬਕਾ ਚੀਫ ਪਾਰਲੀਮੈਂਟਰੀ ਸੈਕਟਰੀ ਅਮਰਪਾਲ ਸਿੰਘ ਬੋਨੀ ਅਜਨਾਲਾ ਕੱਲ੍ਹ ਅਦਾਲਤ ਵਿੱਚ ਬਿੱਟੂ ਔਲਖ ਦੇ ਪੱਖ ਵਿੱਚ ਗਵਾਹੀ ਦੇਣ ਪੁੱਜੇ। ਕਰੀਬ 25 ਮਿੰਟ ਅਜਨਾਲਾ ਦਾ ਕਰਾਸ ਐਗਜ਼ਾਮਿਨ ਪੂਰਾ ਕਰ ਲਿਆ ਗਿਆ ਹੈ। ਅਜਨਾਲਾ ਦੇ ਨਾਲ ਉਨ੍ਹਾਂ ਦੇ ਵਕੀਲ ਸੁਮੇਸ਼ ਜੈਨ ਸਨ। ਜੈਨ ਨੇ ਕਿਹਾ ਕਿ ਕਰਾਸ ਐਗਜ਼ਾਮਿਨ ਵਿੱਚ ਪ੍ਰੋਸਟੀਊਸ਼ਨ ਬੋਨੀ ਅਜਨਾਲਾ ਦੀ ਸਟੇਟਮੈਂਟਸ ਨੂੰ ਕਾਊਂਟਰ ਨਹੀਂ ਕਰ ਸਕੇ। ਇਸ ਦੌਰਾਨ ਅਮਰਪਾਲ ਸਿੰਘ ਬੋਨੀ ਨੇ ਕਿਹਾ ਕਿ ਉਨ੍ਹਾਂ ਦੇ ਤੱਥਾਂ ਦੇ ਅਧਾਰ 'ਤੇ ਸੱਚਾਈ ਲਿਖ ਕੇ ਐਫੀਡੇਵਿਟ ਅਦਾਲਤ ਵਿੱਚ ਪੇਸ਼ ਕੀਤਾ ਸੀ। ਜਿਸ ਦਿਨ ਐਫੀਡੇਵਿਟ ਜਮ੍ਹਾ ਕਰਵਾਇਆ, ਉਸੇ ਦਿਨ ਤੋਂ ਜਾਨੋਂ ਮਾਰਨ ਅਤੇ ਪਰਵਾਰ ਦਾ ਨੁਕਸਾਨ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਦਾਲਤ ਨੂੰ ਉਨ੍ਹਾਂ ਦੱਸਿਆ ਕਿ ਬਿੱਟੂ ਔਲਖ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਕੇ ਇਥੇ ਲਿਆਂਦਾ ਗਿਆ ਸੀ ਅਤੇ ਉਸ ਦੇ ਖਿਲਾਫ ਡਰੱਗ ਦੇ ਝੂਠੇ ਮਾਮਲੇ ਦਰਜ ਕਰ ਦਿੱਤੇ ਗਏ। ਇਹ ਸਾਰਾ ਕੁਝ ਬਿਕਰਮ ਸਿੰਘ ਮਜੀਠੀਆ ਦੇ ਕਹਿਣ 'ਤੇ ਕੀਤਾ ਗਿਆ ਸੀ।

### ਜਥੇਦਾਰ ਅਕਾਲ ਤਖਤ ਨੇ ਕਿਹਾ

# ਸਾਲ 2000 ’ਚ ਵੇਦਾਂਤੀ ਵੱਲੋਂ ਲਿਖੇ ਪੱਤਰ ’ਤੇ ਕੀਤੀ ਕਾਰਵਾਈ ਬਾਰੇ ਦੱਸਿਆ ਜਾਵੇ

### * ਸ਼੍ਰੋਮਣੀ ਕਮੇਟੀ ਵੱਲ ਜਥੇਦਾਰ ਅਕਾਲ ਤਖਤ ਵੱਲੋਂ ਚਿੱਠੀ

ਤਰਨ ਤਾਰਨ, 21 ਨਵੰਬਰ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ 29 ਅਪ੍ਰੈਲ 2009 ਨੂੰ ਅਕਾਲ ਤਖਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਲਿਖੇ ਪੱਤਰ 'ਤੇ ਅੱਜ ਤੱਕ ਦੀ ਕਾਰਵਾਈ ਬਾਰੇ ਦੱਸਿਆ ਜਾਵੇ। ਕੱਲ੍ਹ ਗਿਆਨੀ ਹਰਪ੍ਰੀਤ ਸਿੰਘ ਨੇ ਪੱਤਰ ਲਿਖ ਕੇ ਇਹ ਜਾਣਕਾਰੀ ਮੰਗੀ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਾਲ 2000 ਵਿੱਚ ਅਕਾਲ ਤਖਤ ਸਾਹਿਬ ਦੇ ਅਕਸ ਨੂੰ ਜਦ ਖੋਰਾ ਲੱਗ ਰਿਹਾ ਸੀ ਤਾਂ 29 ਅਪ੍ਰੈਲ ਨੂੰ ਉਸ ਵੇਲੇ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ

ਮੁਕਤੀ, ਕਾਰਜ ਖੇਤਰ, ਕਾਰਜ ਸ਼ੈਲੀ ਵਾਸਤੇ ਵਿਧਾਨ ਤਿਆਰ ਕੀਤਾ ਜਾਵੇ ਤੇ ਇਸ ਬਾਰੇ ਅਕਾਲ ਤਖਤ ਸਾਹਿਬ ਨੂੰ ਦੱਸਿਆ ਜਾਵੇ। ਇਹ ਪੱਤਰ 18 ਸਾਲ ਕਮੇਟੀ ਦਫਤਰ ਦੀਆਂ ਫਾਈਲਾਂ ਵਿੱਚ ਰੁਲਦਾ ਰਿਹਾ। ਇਸ ਦੌਰਾਨ ਚਾਰ ਪ੍ਰਧਾਨ ਅਤੇ ਦੋ ਜਥੇਦਾਰੀ ਕਰ ਕੇ ਘਰੀਂ ਚਲੇ ਗਏ, ਪਰ ਕਮੇਟੀ ਦੀ ਅਫਸਰਸ਼ਾਹੀ ਨੇ ਕਾਰਵਾਈ ਕੀ ਕਰਨੀ ਸੀ, ਇਸ ਬਾਰੇ ਵਿਦਵਾਨਾਂ ਦਾ ਨਾਂਅ ਵੀ ਅਕਾਲ ਤਖਤ ਸਾਹਿਬ 'ਤੇ ਭੇਜਣਾ ਜ਼ਰੂਰੀ ਨਹੀਂ ਸਮਝਿਆ। ਲਗਭਗ 18 ਸਾਲ ਬਾਅਦ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਮੇਟੀ ਨੂੰ ਯਾਦ ਕਰਵਾਇਆ ਹੈ ਕਿ ਦੱਸਿਆ ਜਾਵੇ ਕਿ ਇਸ ਮਾਮਲੇ ਵਿੱਚ ਅੱਜ ਤੱਕ ਸ਼੍ਰੋਮਣੀ ਕਮੇਟੀ ਨੇ ਕੀ ਕੀਤਾ ਹੈ।

# ਫਰੀਦਕੋਟ ਪੁਲਸ ਵੱਲੋਂ ਫੜੇ ਗਏ ਖਾੜਕੂਆਂ ਉੱਤੇ ਕੇਸ ਚਲਾਉਣ ਦੀ ਮਨਜ਼ੂਰੀ ਕੇਂਦਰ ਨੇ ਨਹੀਂ ਦਿੱਤੀ

ਫਰੀਦਕੋਟ, 21 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਵੱਲੋਂ ਇਸ ਸਾਲ ਮਈ ਮਹੀਨੇ ਹਥਿਆਰਾਂ ਸਮੇਤ ਗ੍ਰਿਫਤਾਰ ਕੀਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੈਂਬਰ ਸੰਦੀਪ ਸਿੰਘ ਅਤੇ ਅਮਰ ਸਿੰਘ ਦੇ ਖਿਲਾਫ ਕੇਸ ਚਲਾਉਣ ਲਈ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੇ ਜ਼ਿਲਾ ਪੁਲਸ ਨੂੰ ਲਿਖਤੀ ਮਨਜ਼ੂਰੀ ਨਹੀਂ ਦਿੱਤੀ। ਲੰਬੀ ਉਡੀਕ ਮਗਰੋਂ ਜਦੋਂ ਪੁਲਸ ਨੂੰ ਮਨਜ਼ੂਰੀ ਨਾ ਮਿਲੀ ਤਾਂ ਕੱਲ੍ਹ ਸਥਾਨਕ ਅਦਾਲਤ ਨੇ ਉਨ੍ਹਾਂ ਖਿਲਾਫ ਪੁਲਸ ਵੱਲੋਂ ਪੇਸ਼ ਕੀਤੇ ਚਲਾਨ ਉੱਤੇ ਹੋਣ ਵਾਲੀ ਕਾਰਵਾਈ ਨੂੰ ਅਣਮਿੱਥੇ ਸਮੇਂ ਲਈ ਟਾਲ ਦਿੱਤਾ ਹੈ।

ਵਰਨਣ ਯੋਗ ਹੈ ਕਿ ਫਰੀਦਕੋਟ ਪੁਲਸ ਨੇ ਮਿਤੀ 10 ਮਈ 2018 ਨੂੰ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਖਿਲਾਫ ਗੈਰ ਕਾਨੂੰਨੀ ਗਤੀਵਿਧੀਆਂ ਆਰਡੀਨੈਂਸ-2004 ਵਾਲੀ ਧਾਰਾ 17, 18, 19, 20 ਅਤੇ 25 ਦਾ ਕੇਸ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ। ਕਾਨੂੰਨ ਮੁਤਾਬਕ ਪੁਲਸ ਨੇ ਇਸ ਕੇਸ ਦੀ ਪੜਤਾਲ 90 ਦਿਨਾਂ ਵਿੱਚ ਪੂਰੀ ਕਰਨੀ ਸੀ, ਪਰ ਪੁਲਸ ਤੈਅ ਸਮੇਂ ਵਿੱਚ ਕੇਸ ਦੀ ਜਾਂਚ ਮੁਕੰਮਲ ਨਹੀਂ ਕਰ ਸਕੀ। ਜ਼ਿਲਾ ਪੁਲਸ ਨੇ ਅਦਾਲਤ ਵਿੱਚ ਲਿਖਤੀ ਤੌਰ 'ਤੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਗ੍ਰਹਿ ਵਿਭਾਗ ਤੋਂ ਮਨਜ਼ੂਰੀ ਲੈਣ ਲਈ ਆਪਣੇ ਪੱਧਰ 'ਤੇ ਸਾਰੀ ਕਾਨੂੰਨੀ ਕਾਰਵਾਈ ਪੂਰੀ ਕੀਤੀ ਹੋਈ ਹੈ, ਪਰ ਗ੍ਰਹਿ ਵਿਭਾਗ ਨੇ ਅਜੇ ਮਨਜ਼ੂਰੀ ਨਹੀਂ ਭੇਜੀ। 14 ਅਗਸਤ ਨੂੰ ਫਰੀਦਕੋਟ ਦੀ ਅਦਾਲਤ ਨੇ ਜ਼ਿਲਾ ਪੁਲਸ ਨੂੰ ਇਸ ਮਾਮਲੇ ਦੀ ਪੜਤਾਲ ਲਈ 60 ਦਿਨਾਂ ਦਾ ਹੋਰ ਸਮਾਂ ਦਿੱਤਾ ਸੀ, ਪਰ ਇਨ੍ਹਾਂ 60 ਦਿਨਾਂ ਵਿੱਚ ਵੀ ਪੁਲਸ ਨੂੰ ਗ੍ਰਹਿ ਵਿਭਾਗ ਦੀ ਮਨਜ਼ੂਰੀ ਨਹੀਂ ਮਿਲ ਸਕੀ, ਜਿਸ ਕਰਕੇ ਕੱਲ੍ਹ ਜੁਡੀਸ਼ਲ ਮੈਜਿਸਟਰੇਟ ਨੇ ਪੁਲਸ ਵੱਲੋਂ ਪੇਸ਼ ਕੀਤੇ ਦੋਸ਼ ਪੱਤਰਾਂ ਉਪਰ ਸੁਣਵਾਈ ਅਣਮਿੱਥੇ ਸਮੇਂ ਲਈ ਰੋਕ ਦਿੱਤੀ ਹੈ। ਨਿਯਮਾਂ ਅਨੁਸਾਰ ਗ੍ਰਹਿ ਵਿਭਾਗ ਦੀ ਮਨਜ਼ੂਰੀ ਬਿਨਾਂ ਕੇਸ ਅਦਾਲਤ ਨਹੀਂ ਸੁਣ ਸਕਦੀ। ਪੁਲਸ ਨੇ ਸੰਦੀਪ ਸਿੰਘ ਤੇ ਅਮਰ ਸਿੰਘ ਦੀ ਗ੍ਰਿਫਤਾਰੀ ਵੇਲੇ ਦਾਅਵਾ ਕੀਤਾ ਸੀ ਕਿ ਉਹ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਸੰਪਰਕ ਵਿੱਚ ਹਨ। ਖਾਲਿਸਤਾਨ ਲਿਬਰੇਸ਼ਨ ਫੋਰਸ 'ਤੇ ਖਾੜਕੂਪੁਣੇ ਨੂੰ ਸ਼ਹਿ ਦੇਣ ਦੇ ਦੋਸ਼ਾਂ ਹੇਠ ਭਾਰਤ ਸਰਕਾਰ ਨੇ ਪਾਬੰਦੀ ਲਾਈ ਹੋਈ ਹੈ। ਪੁਲਸ ਨੇ ਇਨ੍ਹਾਂ ਖਿਲਾਫ ਦਰਜ ਕੇਸ ਵਿੱਚ ਦਾਅਵਾ ਕੀਤਾ ਸੀ ਕਿ ਗ੍ਰਿਫਤਾਰੀ ਵੇਲੇ ਇਨ੍ਹਾਂ ਕੋਲੋਂ ਦੋ ਪਿਸਟਲ 30 ਬੋਰ ਤੇ 40 ਰੌਂਦ ਬਰਾਮਦ ਹੋਏ ਸਨ। ਪੁਲਸ ਅਨੁਸਾਰ ਅਮਰ ਸਿੰਘ ਅਤੇ ਸੰਦੀਪ ਸਿੰਘ ਪੰਜਾਬ ਵਿੱਚ ਅੱਤਵਾਦੀ ਸਰਗਰਮੀਆਂ ਲਈ ਜੱਦੋਜਹਿਦ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਅੱਤਵਾਦੀ ਜਥੇਬੰਦੀਆਂ ਅਸਲਾ ਤੇ ਪੈਸਾ ਮੁਹੱਈਆ ਕਰਵਾਉਂਦੀਆਂ ਸਨ। ਹਾਲਾਂਕਿ ਸੰਦੀਪ ਸਿੰਘ ਅਤੇ ਅਮਰ ਸਿੰਘ ਨੇ ਅਦਾਲਤ ਵਿੱਚ ਦੱਸਿਆ ਕਿ ਉਨ੍ਹਾਂ ਖਿਲਾਫ ਦਰਜ ਮੁਕੱਦਮਾ ਝੂਠਾ ਹੈ।

# ਸੱਚਾ ਸੌਦਾ ਡੇਰਿਆਂ ਵਿੱਚ ਗੈਰ ਕਾਨੂੰਨੀ ਕਾਰਵਾਈਆਂ ਬਾਰੇ ਜਵਾਬ ਲਈ ਮੰਗਿਆ ਸਮਾਂ

ਚੰਡੀਗੜ੍ਹ, 21 ਨਵੰਬਰ (ਪੋਸਟ ਬਿਊਰੋ)- ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਚੱਲਦੇ ਸਾਰੇ ਡੇਰਿਆਂ ਵਿੱਚ ਗੈਰ ਕਾਨੂੰਨੀ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਹਾਈ ਕੋਰਟ ਵੱਲੋਂ ਜਾਰੀ ਕੀਤੇ ਹੁਕਮ ਉਪਰੰਤ ਇਨ੍ਹਾਂ ਡੇਰਿਆਂ ਉਤੇ ਨਜ਼ਰ ਨਾ ਰੱਖ ਸਕਣ ਕਾਰਨ ਉਲੰਘਣਾ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਉੱਤੇ ਹਾਈ ਕੋਰਟ ਨੇ ਪਟੀਸ਼ਨਰ ਤੋਂ ਸਿਰਸਾ ਵਾਲੇ ਦੇ ਡੇਰਿਆਂ ਵਿੱਚ ਕਿਸੇ ਕਿਸਮ ਦੀ ਗੈਰ ਕਾਨੂੰਨੀ ਕਾਰਵਾਈ ਦੀ ਜਾਣਕਾਰੀ ਦੇਣ ਦੀ ਹਦਾਇਤ 'ਤੇ ਪਟੀਸ਼ਨਰ ਨੇ ਜਵਾਬ ਦੇਣ ਲਈ ਹੋਰ ਸਮਾਂ ਮੰਗ ਲਿਆ ਹੈ।





ਅਦਾਲਤ ਨੇ ਕਿਹਾ ਸੀ ਕਿ ਜੇ ਕੋਈ ਗੈਰ ਕਾਨੂੰਨੀ ਕਾਰਵਾਈ ਹੁੰਦੀ ਹੋਵੇ ਤਾਂ ਇਸ ਤੋਂ ਬੈਂਚ ਨੂੰ ਜਾਣੂੰ ਕਰਾਇਆ ਜਾਵੇ। ਉਲੰਘਣਾ ਪਟੀਸ਼ਨ ਉੱਤੇ ਪੰਜਾਬ ਸਰਕਾਰ ਨੇ ਆਪਣਾ ਜਵਾਬ ਦੇਂਦਿਆਂ ਕਿਹਾ ਸੀ ਕਿ ਸਿਰਸੇ ਵਾਲੇ ਦੇ ਡੇਰਿਆਂ ਸਮੇਤ ਸਾਰੇ ਡੇਰਿਆਂ ਦੀ ਤਲਾਸ਼ੀ ਲੈ ਲਈ ਸੀ, ਪਰ ਕਿਸੇ ਕਿਸਮ ਦੀ ਗੈਰ ਕਾਨੂੰਨੀ ਸਰਗਰਮੀ ਜ਼ਾਹਰ ਨਹੀਂ ਸੀ ਹੋਈ। ਇਸ ਦੇ ਉਲਟ ਪਟੀਸ਼ਨਰ ਰਵਨੀਤ ਸਿੰਘ ਨੇ ਅਦਾਲਤ ਦਾ ਧਿਆਨ ਦਿਵਾਇਆ ਕਿ ਸਿਰਸਾ ਵਾਲੇ ਡੇਰਿਆਂ ਵਿੱਚ ਕਈ ਗੈਰ ਕਾਨੂੰਨੀ ਸਰਗਰਮੀਆਂ ਸਾਹਮਣੇ ਆਈਆਂ ਹਨ, ਖਾਸ ਕਰਕੇ ਮੌੜ ਬੰਬ ਧਮਾਕੇ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਜਿਸ ਕਾਰ ਵਿੱਚ ਬੰਬ ਧਮਾਕਾ ਹੋਇਆ, ਉਹ ਕਾਰ ਡੇਰਾ ਸਿਰਸਾ ਦੀ ਵਰਕਸ਼ਾਪ ਵਿੱਚ ਹੀ ਮਾਡੀਫਾਈ ਕੀਤੀ ਗਈ ਸੀ। ਇਸ ਉੱਤੇ ਬੈਂਚ ਨੇ ਕਿਹਾ ਕਿ ਪਟੀਸ਼ਨਰ ਡੇਰਿਆਂ ਦੀ ਅਜਿਹੀ ਕਿਸੇ ਸਰਗਰਮੀ ਬਾਰੇ ਹਾਈ ਕੋਰਟ ਨੂੰ ਦੱਸੇ ਅਤੇ ਨਾਲ ਹੀ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਕਿਹਾ ਸੀ ਕਿ ਉਹ ਡੇਰਿਆਂ ਦੀ ਤਲਾਸ਼ੀ ਸਬੰਧੀ ਹਾਈ ਕੋਰਟ ਵੱਲੋਂ ਦਿੱਤੇ ਤਲਾਸ਼ੀ ਦੇ ਹੁਕਮ ਦੀ ਪਾਲਣਾ ਬਾਰੇ ਜਾਣਕਾਰੀ ਪੇਸ਼ ਕਰੇ।

# ਮਾਡਲ ਹਾਊਸ ਵਿੱਚ ਔਰਤ ਦੀ ਅੱਧ ਸੜੀ ਲਾਸ਼ ਮਿਲੀ

ਜਲੰਧਰ, 21 ਨਵੰਬਰ (ਪੋਸਟ ਬਿਊਰੋ)- ਮਾਡਲ ਹਾਊਸ ਦੇ ਇੱਕ ਘਰ ਵਿੱਚ ਬੀਤੀ ਸ਼ਾਮ ਬਜ਼ੁਰਗ ਔਰਤ ਠਾਕੁਰ ਦੇਵੀ ਦੀ ਲਾਸ਼ ਸੜੀ ਹੋਈ ਹਾਲਤ ਵਿੱਚ ਮਿਲੀ। ਉਸ ਨੇ ਖੁਦਕੁਸ਼ੀ ਕੀਤੀ ਜਾਂ ਉਸ ਦੀ ਹੱਤਿਆ ਹੋਈ ਹੈ, ਫਿਲਹਾਲ ਇਸ ਦਾ ਖੁਲਾਸਾ ਨਹੀਂ ਹੋ ਸਕਿਆ। ਉਹ ਕਈ ਮਹੀਨੇ ਤੋਂ ਬੱਚਿਆਂ ਨਾਲੋਂ ਅਲੱਗ ਰਹਿ ਰਹੀ ਸੀ।

ਭਾਰਗੋ ਕੈਂਪ ਥਾਣਾ ਇੰਚਾਰਜ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਤੱਕ ਠਾਕੁਰ ਦੇਵੀ ਪਤਨੀ ਸਵਰਗੀ ਅਜੀਤ ਸਿੰਘ ਆਪਣੇ ਬੇਟੇ ਨਵਦੀਪ ਸਿੰਘ ਨਾਲ ਮੁੰਬਈ ਵਿੱਚ ਰਹਿੰਦੀ ਸੀ। ਉਸ ਦੀ ਧੀ ਭਾਰਤੀ ਵਡਾਲਾ ਚੌਕ ਦੀ ਕਲੋਨੀ ਵਿੱਚ ਵਿਆਹੀ ਹੋਈ ਹੈ। ਕੁਝ ਸਮਾਂ ਪਹਿਲਾਂ ਬੇਟੇ ਨੂੰ ਬਿਜ਼ਨਸ ਵਿੱਚ ਘਾਟਾ ਪੈਣਾ ਸ਼ੁਰੂ ਹੋਇਆ ਤਾਂ ਠਾਕੁਰ ਦੇਵੀ ਜਲੰਧਰ ਆ ਕੇ ਰਹਿਣ ਲੱਗੀ। ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਉਸ ਦੀ ਬੇਟੀ ਭਾਰਤੀ ਅਤੇ ਜਵਾਈ ਪ੍ਰਵੀਨ ਦੇ ਨਾਲ ਠਾਕੁਰ ਦੇਵੀ ਦਾ ਭਰਾ ਅਮਰਨਾਥ ਮਿਲਣ ਆਉਂਦਾ ਸੀ। ਬੀਤੀ ਸ਼ਾਮ ਕਰੀਬ ਅੱਠ ਵਜੇ ਜਦ ਨੌਕਰਾਣੀ ਪਹੁੰਚੀ ਤਾਂ ਦਰਵਾਜ਼ਾ ਅੰਦਰੋਂ ਬੰਦ ਸੀ ਅਤੇ ਬਦਬੂ ਆ ਰਹੀ ਸੀ। ਦਰਵਾਜ਼ਾ ਤੋੜਨ ਤੇ ਅੱਧ ਸੜੀ ਲਾਸ਼ ਮਿਲੀ। ਠਾਕੁਰ ਦੇਵੀ ਦੀ ਮੌਤ ਖੁਦਕੁਸ਼ੀ ਮੰਨੀ ਜਾ ਰਹੀ ਹੈ, ਪਰ ਕਤਲ ਦੇ ਸ਼ੱਕ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਿੱਥੇ ਲਾਸ਼ ਪਈ ਸੀ, ਉਥੇ ਇੱਕ ਖਾਲੀ ਬੋਤਲ ਸੀ, ਜਿਸ ਵਿੱਚ ਪੈਟਰੋਲ ਜਾਂ ਮਿੱਟੀ ਦਾ ਤੇਲ ਸੀ। ਆਸਪਾਸ ਕਿਸੇ ਵੀ ਚੀਜ਼ ਨੂੰ ਨੁਕਸਾਨ ਨਹੀਂ ਹੋਇਆ।

# ਅੱਗੇ ਤੋਂ ਪੰਜਾਬ ਵਿੱਚ ਪਾਈਪ ਨਾਲ ਘਰਾਂ ਵਿੱਚ ਗੈਸ ਪਹੁੰਚੇਗੀ

ਜਲੰਧਰ, 21 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਸਮੇਤ ਪੰਜਾਬ ਦੇ ਲੋਕਾਂ ਨੂੰ ਗੈਸ ਸਿਲੰਡਰ ਦੇ ਭਾਰੀ ਬੋਝ ਤੋਂ ਛੁਟਕਾਰਾ ਮਿਲਣ ਵਾਲਾ ਹੈ। ਪਾਈਪ ਲਾਈਨ ਨਾਲ ਗੈਸ ਸਪਲਾਈ ਕਰਨ ਦਾ ਪ੍ਰੋਜੈਕਟ ਤਿਆਰ ਹੋ ਰਿਹਾ ਹੈ।

ਇਸ ਸੰਬੰਧ ਵਿੱਚ ਇੰਫ੍ਰਾਸਟ੍ਰਕਚਰ ਕੰਪਨੀ ਥਿੰਕ ਗੈਸ ਪੰਜਾਬ ਛੇਤੀ ਹੀ ਜਲੰਧਰ ਵਿੱਚ ਸਿਟੀ ਗੈਸ ਸਪਲਾਈ ਦਾ ਨੈਟਵਰਕ ਚਾਲੂ ਕਰਨ ਵਾਲੀ ਹੈ। ਇਸ ਨੈਟਵਰਕ ਦੇ ਚਾਲੂ ਹੋਣ ਪਿੱਛੋਂ ਲੋਕਾਂ ਨੂੰ ਇਹ ਕੰਪਨੀ ਪਾਈਪਡ ਨੈਚੁਰਲ ਗੈਸ, ਕੰਪ੍ਰੈਸਡ ਨੈਚੁਰਲ ਗੈਸ ਅਤੇ ਨੈਚੁਰਲ ਗੈਸ ਦੀ ਸਹੂਲਤ ਦੇਣ ਜਾ ਰਹੀ ਹੈ। ਥਿੰਕ ਗੈਸ ਦੇ ਸੀਨੀਅਰ ਐਡਵਾਈਜ਼ਰ ਐਮ ਰਵਿੰਦਰਨ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ, ਮੱਧ ਪ੍ਰਦੇਸ਼ ਅਤੇ ਬਿਹਾਰ ਦੇ ਨੌਂ ਜ਼ਿਲਿਆਂ ਵਿੱਚ ਸਿਟੀ ਗੈਸ ਨੈਟਵਰਕ ਬਣਾ ਕੇ ਦੇਣ ਅਤੇ ਚਲਾਉਣ ਦੇ ਅਧਿਕਾਰ ਮਿਲੇ ਹਨ। ਇਸ ਕੰਪਨੀ ਦੇ ਸੀਨੀਅਰ ਐਡਵਾਈਜ਼ਰ ਜਸਬੀਰ



ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਲੁਧਿਆਣਾ, ਬਰਨਾਲਾ, ਮੋਗਾ, ਜਲੰਧਰ, ਕਪੂਰਥਲਾ ਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ 12 ਹਜ਼ਾਰ ਵਰਗ ਕਿਲੋਮੀਟਰ ਨੂੰ ਕਵਰ ਕੀਤਾ ਜਾਵੇਗਾ। ਇਸ ਯੋਜਨਾ ਹੇਠ ਲੋਕਾਂ ਦੇ ਘਰਾਂ ਤੱਕ ਪੀ ਐਨ ਜੀ (ਪਾਈਪਡ ਨੈਚੁਰਲ ਗੈਸ) ਦੀ ਸਪਲਾਈ ਦਿੱਤੀ ਜਾਵੇਗੀ। ਉਨ੍ਹਾਂ ਦੇ ਦੱਸਣ ਅਨੁਸਾਰ ਇਸ ਯੋਜਨਾ ਨੂੰ ਸਿਰੇ ਲਾਉਣ ਵਿੱਚ ਤਕਰੀਬਨ ਦੋ ਸਾਲ ਦਾ ਸਮਾਂ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਥਿੰਕ ਗੈਸ (ਪੀ ਐਨ ਜੀ) ਘਰੇਲੂ ਵਰਤੋਂ ਲਈ, (ਸੀ ਐਨ ਜੀ) ਕੰਪ੍ਰੈਸਡ ਨੈਚੁਰਲ ਗੈਸ (ਕਾਮਰਸ਼ੀਅਲ ਵਾਹਨਾਂ ਲਈ) ਅਤੇ ਐਨ ਜੀ (ਨੈਚੁਰਲ ਗੈਸ) ਉਦਯੋਗਾਂ ਤੇ ਕਾਮਰਸ਼ੀਅਲ ਸੰਗਠਨਾਂ ਦੇਵੇਗੀ। ਪੀ ਐਨ ਜੀ ਨਾਲ ਕਨੇਕਟ ਕਰਨ ਲਈ ਪਾਈਪ ਲਾਈਨ ਵਿਛਾਈ ਜਾਵੇਗੀ। ਥਿੰਕ ਗੈਸ ਮੁੱਖ ਲੋਕੇਸ਼ਨਾਂ ਉੱਤੇ ਆਪਣੇ ਆਊਟਲੈਟ ਲਾਵੇਗੀ ਤਾਂ ਕਿ ਇਨ੍ਹਾਂ ਜ਼ਿਲਿਆਂ ਦੇ ਖਪਤਕਾਰਾਂ ਨੂੰ ਤੇਲ ਆਸਾਨੀ ਨਾਲ ਹਾਸਲ ਹੋ ਸਕੇ।

# ਵਾਹਨਾਂ 'ਤੇ ਹਾਈ ਸਕਿਓਰਿਟੀ ਨੰਬਰ ਪਲੇਟਾਂ ਫਿਰ ਲੱਗਣਗੀਆਂ





ਅੰਮ੍ਰਿਤਸਰ, 21 ਨਵੰਬਰ (ਪੋਸਟ ਬਿਊਰੋ)- ਕਰੀਬ ਚਾਰ ਸਾਲ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਵਾਹਨਾਂ 'ਤੇ ਇਕ ਨਿੱਜੀ ਕੰਪਨੀ ਵੱਲੋਂ ਹਾਈ ਸਕਿਓਰਿਟੀ ਨੰਬਰ ਪਲੇਟਾਂ ਲਾਉਣ ਦਾ ਜਿਹੜਾ ਕੰਮ ਬੰਦ ਕਰਵਾ ਦਿੱਤਾ ਗਿਆ ਸੀ, ਉਹ ਸੁਣਵਾਈ ਮੁਕੰਮਲ ਹੋਣ ਪਿੱਛੋਂ ਇਕ ਵਾਰ ਫਿਰ ਸ਼ੁਰੂ ਹੋ ਜਾਵੇਗਾ।

ਵਰਨਣ ਯੋਗ ਹੈ ਕਿ ਵਾਹਨਾਂ 'ਤੇ ਇਹ ਨੰਬਰ ਪਲੇਟਾਂ ਲਗਾਉਣ ਦਾ ਕੰਮ ਟਰਾਂਸਪੋਰਟ ਵਿਭਾਗ ਵੱਲੋਂ ਨਿੱਜੀ ਕੰਪਨੀ ਨਾਲ ਮਿਲ ਕੇ ਨਵਾਂ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਸ਼ੁਰੂ ਕੀਤਾ ਜਾਵੇਗਾ। ਰਿਜਨਲ ਟਰਾਂਸਪੋਰਟ ਅਥਾਰਿਟੀ (ਆਰ ਟੀ ਏ) ਦੇ ਸਕੱਤਰ ਰਜ਼ਨੀਸ਼ ਅਰੋੜਾ ਨੇ ਦੱਸਿਆ ਕਿ ਇਸ ਕੰਮ ਦਾ ਠੇਕਾ ਅਕ੍ਰਾਸ ਇੰਪੈਕਸ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ ਦਿੱਤਾ ਗਿਆ ਸੀ, ਪਰ ਕਰੀਬ ਚਾਰ ਸਾਲ ਪਹਿਲਾਂ ਉਸ ਕੰਪਨੀ ਖਿਲਾਫ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਾਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਵਾਹਨਾਂ 'ਤੇ ਇਹ ਨੰਬਰ ਪਲੇਟਾਂ ਲਗਾਉਣ ਦਾ ਕੰਮ ਬੰਦ ਕਰਵਾ ਦਿੱਤਾ ਸੀ। ਆਰ ਟੀ ਏ ਦੇ ਸਕੱਤਰ ਰਜ਼ਨੀਸ਼ ਅਰੋੜਾ ਨੇ ਦੱਸਿਆ ਕਿ ਇਨ੍ਹਾਂ ਨੰਬਰ ਪਲੇਟਾਂ ਦੀ ਖਾਸੀਅਤ ਇਹ ਹੈ ਕਿ ਇਹ ਬਦਲੀਆਂ ਨਹੀਂ ਜਾ ਸਕਦੀਆਂ ਅਤੇ ਇਹ ਪੱਕੇ ਤੌਰ ਜੁੜੀਆਂ ਹੁੰਦੀਆਂ ਹਨ। ਇਸ ਦੇ ਇਲਾਵਾ ਇਹ ਜਿਹੜੇ ਟੌਲ ਪਲਾਜ਼ੇ ਜਾਂ ਬੈਰੀਅਰ ਤੋਂ ਲੰਘਦੀਆਂ ਹਨ, ਜਿਥੇ ਸਕੈਨਰ ਲੱਗੇ ਹੁੰਦੇ ਹਨ, ਉਥੇ ਇਨ੍ਹਾਂ ਦਾ ਸਾਰਾ ਰਿਕਾਰਡ ਮੌਜੂਦ ਹੋ ਜਾਂਦਾ ਹੈ। ਦੂਸਰੀ ਖਾਸੀਅਤ ਇਨ੍ਹਾਂ ਦੀ ਇਹ ਹੈ ਕਿ ਜਦੋਂ ਪੁਲਸ ਵਾਹਨ ਉਪਰ ਲੱਗੇ ਸਟਿਕਰ ਜਾਂ ਨੰਬਰ ਪਲੇਟ 'ਤੇ ਲੱਗੇ ਹੋਲੋਗ੍ਰਾਮ ਨੂੰ ਸਕੈਨ ਕਰਦੀ ਹੈ ਤਾਂ ਵਾਹਨ ਦਾ ਸਾਰਾ ਡਾਟਾ ਨਿਕਲ ਆਉਂਦਾ ਹੈ ਜਿਸ ਤੋਂ ਪਤਾ ਲੱਗ ਜਾਂਦਾ ਹੈ ਕਿ ਉਕਤ ਵਾਹਨ ਕਿਸੇ ਮਾਮਲੇ 'ਚ ਲੋੜੀਂਦਾ ਤਾਂ ਨਹੀਂ। ਉਨ੍ਹਾਂ ਦੱਸਿਆ ਕਿ ਨਵੇਂ ਸਾਲ ਤੋਂ ਪਹਿਲਾਂ ਪੁਰਾਣੀ ਕੰਪਨੀ ਹੀ ਇਹ ਕੰਮ ਸ਼ੁਰੂ ਕਰੇਗੀ।

# ਪੰਜਾਬ ਸਰਕਾਰ ਸਾਰੇ ਕੋਆਪਰੇਟਿਵ ਬੈਂਕਾਂ ਨੂੰ ਮਰਜ਼ ਕਰੇਗੀ

ਚੰਡੀਗੜ੍ਹ, 21 ਨਵੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਇਸ ਰਾਜ ਦੇ ਕੋਆਪਰੇਟਿਵ ਬੈਂਕ ਦਾ ਆਪਸ ਵਿੱਚ ਰਲੇਵਾਂ ਕਰਨ ਲੱਗੀ ਹੈ। ਇਹ ਮਨਜ਼ੂਰੀ ਕੋਆਪਰੇਟਿਵ ਵਿਭਾਗ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੇ ਦਿੱਤੀ ਹੈ। ਅੰਤਿਮ ਪ੍ਰਵਾਨਗੀ ਪੰਜਾਬ ਮੰਤਰੀ ਮੰਡਲ ਵੱਲੋਂ 22 ਨਵੰਬਰ ਨੂੰ ਦਿੱਤੀ ਜਾ ਸਕਦੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਕਿਸਾਨ ਕਮਿਸ਼ਨ ਦੇ ਚੇਅਰਮੈਨ ਅਜੈਵੀਰ ਜਾਖੜ ਨੇ ਸਿਫਾਰਸ਼ ਕੀਤੀ ਸੀ ਕਿ ਸਾਰੇ ਕੋਆਪਰੇਟਿਵ ਬੈਂਕਾਂ ਨੂੰ ਆਪੋ ਵਿੱਚ ਮਰਜ਼ ਕਰ ਦਿੱਤਾ ਜਾਣਾ ਚਾਹੀਦਾ ਹੈ। ਸਰਕਾਰ ਨੇ ਇਹ ਸਿਫਾਰਸ਼ ਮੰਨ ਲਈ ਅਤੇ ਬੈਂਕਾਂ ਨੂੰ ਆਪਸ ਵਿੱਚ ਰਲਾਉਣ ਦੀ ਕਾਰਵਾਈ ਆਰੰਭ ਦਿੱਤੀ ਹੈ। ਇਹ ਸਾਰੇ ਬੈਂਕ ਕਿਸਾਨਾਂ ਨੂੰ ਫਸਲੀ ਕਰਜ਼ਾ ਦੇਣ ਦਾ ਕੰਮ ਕਰਦੇ ਹਨ। ਇਸ ਵੇਲੇ ਜ਼ਿਲ੍ਹਿਆਂ ਵਾਲੇ ਅਤੇ ਸੂਬਾ ਪੱਧਰੀ ਕੋਆਪਰੇਟਿਵ ਬੈਂਕ ਅਲੱਗ-ਅਲੱਗ ਹਨ। ਇਨ੍ਹਾਂ ਸਾਰਿਆਂ ਦਾ ਆਪੋ ਵਿੱਚ ਰਲੇਵਾਂ ਕਰ ਕੇ ਇੱਕ ਸਟੇਟ ਲੈਵਲ ਬੈਂਕ ਬਣ ਜਾਏਗਾ, ਜਿਸ ਨੂੰ ਚਲਾਉਣ ਦੇ ਲਈ 22 ਮੈਂਬਰੀ ਬੋਰਡ ਬਣਾਇਆ ਜਾਏਗਾ। ਇਸ ਦਾ ਇੱਕ ਚੇਅਰਮੈਨ ਅਤੇ ਐਮ ਡੀ ਹੋਵੇਗਾ। ਪੁਰਾਣੇ ਸਿਸਟਮ ਵਿੱਚ ਕਿਸੇ ਵੀ ਕਰਮਚਾਰੀ ਦਾ ਕਿਤੇ ਵੀ ਟਰਾਂਸਫਰ ਨਹੀਂ ਹੋ ਸਕਦਾ, ਪਰ ਰਲੇਵੇਂ ਪਿੱਛੋਂ ਕੀਤਾ ਜਾ ਸਕੇਗਾ। ਇਸ ਸਕੀਮ ਦੇ ਦੂਸਰੇ ਪੜਾਅ ਵਿੱਚ ਲੈਂਡ ਮਾਰਗੇਜ਼ ਬੈਂਕ ਦਾ ਵੀ ਕੋਆਪਰੇਟਿਵ ਬੈਂਕ ਵਿੱਚ ਰਲੇਵਾਂ ਕੀਤਾ ਜਾਏਗਾ, ਪਰ ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਅਜੇ ਇਸ ਨੂੰ ਸਮਾਂ ਲੱਗੇਗਾ। ਪੰਜਾਬ ਕਿਸਾਨ ਕਮਿਸ਼ਨ ਦੇ ਚੇਅਰਮੈਨ ਅਜੈਵੀਰ ਜਾਖੜ ਦਾ ਕਹਿਣਾ ਹੈ ਕਿ ਛੋਟੇ ਬੈਂਕ ਸਮਰੱਥ ਨਹੀਂ ਹੁੰਦੇ ਅਤੇ ਨਾ ਆਰ ਬੀ ਆਈ ਦੀ ਗਾਈਡ ਲਾਈਨ ਦੇ ਮੁਤਾਬਕ ਕੈਸ਼ ਰਿਜ਼ਰਵ ਰੇਸ਼ੋ ਰੱਖ ਸਕਦੇ ਹਨ।


LOOKING FOR LONG/SHORT HAULS

Hiring Team Drivers & Single drivers

DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS





202-2386 Haines Rd., Mississauga ON.

Sakshi: 647-534-5770 | Riki: 647-963-7131

Office: 905-564-8851

Email: ramesh@jeyatransport.com/sakshi@jeyatransport.com



PLATINUM MORTGAGES

FOR ALL MORTGAGE NEEDS

QUICK MORTGAGE ARRANGEMENT

2ND MORTGAGE

- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING

Professional & Quality Service Guaranteed





Kanwaljit S. Dhunna

Mortgage broker

416.301.1976

Email: kdhunna62@gmail.com

Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4



www.AREA REALTOR.com





KAMAL SANDHU


Sales Representative

647.891.0143

905.488.2100 ext. 407



# ਖੇਡ ਝਗੜੇ ਵਿੱਚ ਮਾਰੇ ਨਸੀਮ ਦੇ ਸੱਤ ਕਾਤਲਾਂ ਨੂੰ ਫਾਂਸੀ ਦੀ ਸਜ਼ਾ



ਮੁਜ਼ੱਫਰਨਗਰ, 21 ਨਵੰਬਰ (ਪੋਸਟ ਬਿਊਰੋ)- ਸੀਨੀਅਰ ਜ਼ਿਲਾ ਤੇ ਸੈਸ਼ਨ ਜੱਜ ਰਾਜੇਸ਼ ਭਾਰਦਵਾਜ ਨੇ ਥਾਣਾ ਸ਼ਾਹਪੁਰ ਖੇਤਰ ਦੇ ਪਿੰਡ ਹਰਸੌਲੀ ਵਿੱਚ ਖੇਡ ਦੇ ਝਗੜੇ ਵਿੱਚ ਮਾਰੇ ਗਏ ਕਿਸਾਨ ਨੌਜਵਾਨ ਨਸੀਮ ਦੇ ਸੱਤ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ ਅਤੇ ਇਹ ਕੇਸ ਅੱਗੋਂ ਹਾਈ ਕੋਰਟ ਵਿੱਚ ਜਾਵੇਗਾ। ਵਰਨਣ ਯੋਗ ਹੈ ਕਿ ਥਾਣਾ ਸ਼ਾਹਪੁਰ ਵਿੱਚ ਮੁਹੰਮਦ ਇਰਫਾਨ ਪੁੱਤਰ ਸ਼ਮਸੁਦੀਨ ਵਾਸੀ ਹਰਸੌਲੀ ਨੇ ਸ਼ਿਕਾਇਤ ਕੀਤੀ ਸੀ ਕਿ 25 ਫਰਵਰੀ 2010 ਨੂੰ ਸਰਫਰਾਜ ਪੁੱਤਰ ਸ਼ੌਕਤ ਅਲੀ, ਸ਼ਾਹਿਦ ਪੁੱਤਰ ਇਕਬਾਲ, ਅਰਸ਼ਦ ਪੁੱਤਰ ਫਰਜ਼ੁਲਾ, ਸ਼ਾਦਿਕ ਪੁੱਤਰ ਇਕਬਾਲ, ਰਾਸ਼ਿਦ ਪੁੱਤਰ ਇਸਲਾਮ, ਫਾਰੂਕ ਪੁੱਤਰ ਇਸਲਾਮ, ਮੁਮਤਾਜ ਪੁੱਤਰ ਇਸਮਾਈਲ ਵਾਸੀ ਹਰਸੌਲੀ ਨੇ ਪਿੰਡ ਵਿੱਚ ਉਨ੍ਹਾਂ ਦੇ ਘਰ ਵੜ ਕੇ ਉਸ ਦੇ ਭਰਾ ਨਸੀਮ ਨੂੰ ਘੇਰ ਤਾਬੜ ਤੋੜ ਗੋਲੀਆਂ ਚਲਾ ਕੇ ਮਾਰ ਦਿੱਤਾ ਅਤੇ ਖਲੀਲ, ਰੈਯਾਨ, ਸ਼ਾਕਿਲ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਕਤਲ ਦਾ ਕਾਰਨ ਪਿੰਡ ਵਿੱਚ ਹੋਏ ਵਾਲੀਬਾਲ ਦੇ ਮੈਚ ਵਿੱਚ ਵਿਵਾਦ ਹੋਣਾ ਦੱਸਿਆ ਗਿਆ ਸੀ। ਇਸ ਦੀ ਸੁਣਵਾਈ ਕਰਦੇ ਹੋਏ ਸੀਨੀਅਰ ਜ਼ਿਲਾ ਸੈਸ਼ਨ ਜੱਜ ਰਾਜੇਸ਼ ਭਰਦਵਾਜ ਦੀ ਅਦਾਲਤ ਨੇ ਦੋਵਾਂ ਪੱਖਾਂ ਦੀਆਂ ਦਲੀਲਾਂ ਅਤੇ ਸਬੂਤਾਂ ਦੇ ਨਾਲ ਗਵਾਹਾਂ ਦੇ ਬਿਆਨ 'ਤੇ ਗੌਰ ਕਰਦੇ ਹੋਏ ਸਾਰੇ ਜਣਿਆਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਧਾਰਾ 302/149 ਦੇ ਤਹਿਤ ਫਾਂਸੀ ਦੇ ਨਾਲ 1000 ਰੁਪਏ ਜੁਰਮਾਨਾ, ਧਾਰਾ 307/149 ਦੇ ਤਹਿਤ ਉਮਰ ਕੈਦ, ਧਾਰਾ 148 ਦੇ ਤਹਿਤ ਤਿੰਨ ਸਾਲ ਦੀ ਕੈਦ ਅਤੇ 1000 ਰੁਪਏ ਜੁਰਮਾਨਾ, ਧਾਰਾ 452 ਦੇ ਤਹਿਤ ਤਿੰਨ ਸਾਲ ਦੀ ਕੈਦ ਤੇ 1000 ਰੁਪਏ ਜੁਰਮਾਨੇ ਦੀ ਸਜ਼ਾ ਤੇ ਸਰਫਰਾਜ਼ ਤੇ ਸ਼ਾਹਿਦ ਨੂੰ ਆਰਮਸ ਐਕਟ ਵਿੱਚ ਤਿੰਨ ਸਾਲ ਦੀ ਕੈਦ ਤੇ 1000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਇਹ ਸਜ਼ਾ ਇਸ ਜ਼ਿਲੇ ਵਿੱਚ ਸਭ ਤੋਂ ਵੱਡੀ ਸਜ਼ਾ ਮੰਨੀ ਗਈ ਹੈ। ਦੋਸ਼ੀਆਂ ਵਿੱਚ ਚਾਰ ਜਣੇ ਆਪਸ ਵਿੱਚ ਸਕੇ ਭਰਾ ਹਨ।

# ਆਈ ਸੀ ਸੀ ਨੇ ਭਾਰਤੀ ਬੋਰਡ ਵਿਰੁੱਧ ਪਾਕਿ ਕ੍ਰਿਕਟ ਬੋਰਡ ਦੀ ਅਪੀਲ ਰੱਦ ਕੀਤੀ




ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ ਸੀ ਸੀ ਆਈ) ਦੇ ਨਾਲ ਦੋ-ਪੱਖੀ ਸੀਰੀਜ਼ ਰੱਦ ਕਰਨ ਦੇ ਮੁਆਵਜ਼ੇ ਵਿੱਚ ਭਾਰੀ ਰਕਮ ਮੰਗ ਰਹੇ ਪਾਕਿਸਤਾਨ ਕ੍ਰਿਕਟ ਬੋਰਡ (ਪੀ ਸੀ ਬੀ) ਨੂੰ ਕੌਮਾਂਤਰੀ ਕ੍ਰਿਕਟ ਸੰਸਥਾ ਤੋਂ ਬੁੱਧਵਾਰ ਜ਼ੋਰਦਾਰ ਦਾ ਝਟਕਾ ਲੱਗਾ, ਜਿਸ ਨੇ ਲੰਬੀ ਬਹਿਸ ਤੇ ਸੁਣਵਾਈ ਤੋਂ ਬਾਅਦ ਉਸ ਦੀ ਅਪੀਲ ਰੱਦ ਕਰ ਦਿੱਤੀ ਅਤੇ ਭਾਰਤ ਦੇ ਪੱਖ ਵਿੱਚ ਫੈਸਲਾ ਦੇ ਦਿੱਤਾ ਹੈ।

ਆਈ ਸੀ ਸੀ ਦੀ ਵਿਵਾਦ ਨਿਪਟਾਰਾ ਕਮੇਟੀ ਨੇ ਬੁੱਧਵਾਰ ਪੀ ਸੀ ਬੀ ਦੀ ਉਸ ਅਪੀਲ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਉਸ ਨੇ ਭਾਰਤੀ ਬੋਰਡ ਤੋਂ ਦੋ-ਪੱਖੀ ਕ੍ਰਿਕਟ ਸੀਰੀਜ਼ ਰੱਦ ਕਰਨ ਲਈ ਕਰੀਬ ਸਾਢੇ ਚਾਰ ਸੌ ਕਰੋੜ ਰੁਪਏ ਮੰਗੇ ਸਨ। ਵਿਸ਼ਵ ਸੰਸਥਾ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਇਸ ਦਾ ਫੈਸਲਾ ਆਖਰੀ ਹੋਵੇਗਾ ਤੇ ਇਸ ਦੇ ਵਿਰੁੱਧ ਅੱਗੇ ਹੋਰ ਅਪੀਲ ਨਹੀਂ ਕੀਤੀ ਜਾ ਸਕੇਗੀ। ਇੰਗਲੈਂਡ ਦੇ ਵਕੀਲ ਮਾਈਕਲ ਬੇਲੋਫ ਦੀ ਅਗਵਾਈ ਵਾਲੇ ਪੈਨਲ ਵਿੱਚ ਜੈਨ ਪਾਲਸਨ ਅਤੇ ਐਨਾਬੇਲ ਬੇਨੇਟ ਹੋਰ ਮੈਂਬਰ ਸਨ, ਜਿਸ ਨੇ ਦੁਬਈ ਵਿੱਚ ਇੱਕ ਤੋਂ ਤਿੰਨ ਅਕਤੂਬਰ ਤੱਕ ਇਸ 'ਤੇ ਵਿਸਥਾਰ ਨਾਲ ਸੁਣਵਾਈ ਤੋਂ ਬਾਅਦ ਫੈਸਲਾ ਸੁਣਾਇਆ ਹੈ। ਆਈ ਸੀ ਸੀ ਨੇ ਜਾਰੀ ਬਿਆਨ ਵਿੱਚ ਕਿਹਾ, 'ਤਿੰਨ ਦਿਨ ਚੱਲੀ ਸੁਣਵਾਈ ਤੇ ਇਸ ਮਾਮਲੇ ਉਤੇ ਲਿਖਤੀ ਦਸਤਾਵੇਜ਼ਾਂ ਤੇ ਜ਼ੁਬਾਨੀ ਬਿਆਨਾਂ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ ਵਿਵਾਦ ਨਿਪਟਾਰਾ ਕਮੇਟੀ ਬੀ ਸੀ ਸੀ ਆਈ ਵਿਰੁੱਧ ਪੀ ਸੀ ਬੀ ਦੇ ਦਾਅਵਿਆਂ ਨੂੰ ਰੱਦ ਕਰ ਰਹੀ ਹੈ।"

ਬੀ ਸੀ ਸੀ ਆਈ ਅਤੇ ਪੀ ਸੀ ਬੀ ਨੇ ਸਾਲ 2014 ਵਿੱਚ ਇੱਕ ਸਮਝੌਤਾ ਕੀਤਾ ਸੀ, ਜਿਸ ਨਾਲ ਉਨ੍ਹਾਂ ਨੇ ਸਾਲ 2015 ਤੋਂ 2023 ਤੱਕ ਛੇ ਦੋ ਪੱਖੀ ਕ੍ਰਿਕਟ ਸੀਰੀਜ਼ ਖੇਡਣੀਆਂ ਸਨ। ਭਾਰਤੀ ਬੋਰਡ ਨੇ ਆਈ ਸੀ ਸੀ ਵਿੱਚ ਬਿੱਗ ਥ੍ਰੀ (ਭਾਰਤ, ਆਸਟਰੇਲੀਆ ਤੇ ਇੰਗਲੈਂਡ) ਦੇ ਪ੍ਰਸ਼ਾਸਨਿਕ ਬਦਲਾਂ ਵਿੱਚ ਅਹਿਮ ਭੂਮਿਕਾ ਬਾਰੇ ਹੱਕ ਵਿੱਚ ਵੋਟਿੰਗ ਦੇ ਬਦਲੇ ਪਾਕਿਸਤਾਨ ਨਾਲ ਦੋ-ਪੱਖੀ ਸੀਰੀਜ਼ ਵਾਲੇ ਸਮਝੌਤੇ ਉੱਤੇ ਸਹਿਮਤੀ ਪ੍ਰਗਟਾਈ ਸੀ। ਭਾਰਤ ਤੇ ਪਾਕਿਸਤਾਨ ਵਿਚਾਲੇ ਖਰਾਬ ਸੰਬੰਧਾਂ ਅਤੇ ਬਾਰਡਰ 'ਤੇ ਤਣਾਅ ਕਾਰਨ ਬੀ ਸੀ ਸੀ ਆਈ ਨੇ ਪੀ ਸੀ ਬੀ ਨਾਲ ਦੋ-ਪੱਖੀ ਸੀਰੀਜ਼ ਤੋਂ ਇਨਕਾਰ ਕਰ ਦਿੱਤਾ। ਇਸ ਪਿੱਛੋਂ ਪਾਕਿਸਤਾਨੀ ਬੋਰਡ ਨੇ ਸਮਝੌਤੇ ਦਾ ਹਵਾਲਾ ਦਿੰਦਿਆਂ ਨਵੰਬਰ 2014 ਅਤੇ ਦਸੰਬਰ 2015 ਵਿੱਚ ਹੋਣ ਵਾਲੀਆਂ ਦੋ ਸੀਰੀਜ਼ ਰੱਦ ਹੋਣ ਕਾਰਨ ਉਸ ਨੂੰ ਹੋਏ ਨੁਕਸਾਨ ਲਈ ਕਰੀਬ 6.3 ਕਰੋੜ ਡਾਲਰ ਦੇ ਮੁਆਵਜ਼ੇ ਦੀ ਮੰਗ ਕੀਤੀ ਸੀ ਤੇ ਅਜਿਹਾ ਨਾ ਕਰਨ ਉਤੇ ਆਈ ਸੀ ਸੀ ਵਿੱਚ ਬੀ ਸੀ ਸੀ ਆਈ ਵਿਰੁੱਧ ਅਪੀਲ ਕਰ ਦਿੱਤੀ ਸੀ।

# ਵਾਰਧਾ ਜ਼ਿਲੇ ਵਿੱਚ ਅਸਲਾ ਡਿੱਪੂ ਨੇੜੇ ਧਮਾਕੇ ਵਿੱਚ ਛੇ ਮੌਤਾਂ, 10 ਜ਼ਖਮੀ



ਧਮਾਕੇ ਤੋਂ ਬਾਅਦ ਘਟਨਾ ਸਥਾਨ ਦਾ ਜਾਇਜ਼ਾ ਲੈਂਦੀ ਪੁਲਸ ਟੀਮ।

ਵਰਧਾ (ਮਹਾਰਾਸ਼ਟਰ), 21 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਵਾਰਧਾ ਜ਼ਿਲੇ ਵਿੱਚ ਕੱਲ੍ਹ ਸਵੇਰੇ ਅਸਲਾ ਡਿੱਪੂ ਨੇੜੇ ਹੋਏ ਧਮਾਕੇ ਵਿੱਚ ਘੱਟੋ-ਘੱਟ ਛੇ ਵਿਅਕਤੀ ਮਾਰੇ ਗਏ ਤੇ 10 ਜ਼ਖਮੀ ਹੋ ਗਏ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਇਹ ਧਮਾਕਾ ਸਵੇਰੇ ਕਰੀਬ ਸੱਤ ਵਜੇ ਉਸ ਵੇਲੇ ਹੋਇਆ, ਜਦੋਂ ਗੋਲਾ ਬਾਰੂਦ ਨੂੰ ਨਸ਼ਟ ਕਰਨ ਵਾਸਤੇ ਉਤਾਰਿਆ ਜਾ ਰਿਹਾ ਸੀ। ਵਾਰਧਾ ਦੇ ਐਡੀਸ਼ਨਲ ਐਸ ਪੀ ਨਿਖਿਲ ਪਿੰਗਲੇ ਨੇ ਦੱਸਿਆ ਕਿ ਘਟਨਾ ਮੌਕੇ 10 ਤੋਂ 15 ਮਜ਼ਦੂਰ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਜਦੋਂ ਅਸਲਾ ਬਾਰੂਦ ਦੇ ਇਕ ਬਕਸੇ ਨੂੰ ਲਾਹਿਆ ਜਾ ਰਿਹਾ ਸੀ ਤਾਂ ਇਹ ਧਮਾਕਾ ਹੋਇਆ। ਉਨ੍ਹਾਂ ਕਿਹਾ ਕਿ ਜਿਸ ਥਾਂ ਇਹ ਧਮਾਕਾ ਹੋਇਆ, ਉਹ ਖਾਲੀ ਹੈ। ਨਾਗਪੁਰ ਰੇਂਜ ਦੇ ਪੁਲਸ ਆਈ ਜੀ, ਕੇ ਐਮ ਐਮ ਪ੍ਰਸੰਨਾ ਨੇ ਦੱਸਿਆ ਕਿ ਚਾਰ ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਦੋ ਜਣੇ ਹਸਪਤਾਲ ਵਿੱਚ ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਦਮ ਤੋੜ ਗਏ। ਉਨ੍ਹਾਂ ਕਿਹਾ ਕਿ ਪੀੜਤ ਲੋਕ ਅਸਲਾ ਫੈਕਟਰੀ ਦੇ ਮੁਲਾਜ਼ਮ ਅਤੇ ਮਜ਼ਦੂਰ ਸਨ। ਪੁਲਸ ਸੂਤਰਾਂ ਨੇ ਦੱਸਿਆ ਕਿ ਜ਼ਖਮੀਆਂ ਨੂੰ ਨੇੜਲੇ ਪਿੰਡ ਸਵਾਂਗੀ ਦੇ ਹਸਪਤਾਲ ਭਰਤੀ ਕਰਵਾਇਆ ਅਤੇ ਪੁਲਸ ਅਤੇ ਫਾਇਰ ਬ੍ਰਿਗੇਡ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਬਚਾਅ ਕਾਰਜ ਕੀਤੇ ਸਨ।

## ਬੁਲਗਾਰੀਆ ਦੀ ਮੁੱਕੇਬਾਜ਼ ਦਾ ਮਾਨਤਾ ਕਾਰਡ ਖੋਹਿਆ ਗਿਆ



ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਭਾਰਤੀ ਮੁੱਕੇਬਾਜ਼ ਸੋਨੀਆ ਦੇ ਖਿਲਾਫ ਮੁਕਾਬਲੇ ਵਿੱਚ ਹਾਰਨ ਪਿੱਛੋਂ ਜੱਜਾਂ 'ਤੇ ਭ੍ਰਿਸ਼ਟ ਹੋਣ ਦਾ ਦੋਸ਼ ਲਾਉਣ ਵਾਲੇ ਬੁਲਗਾਰੀਆ ਦੇ ਕੋਚ ਪੀਟਰ ਯਾਸੀਫੋਵ ਲੇਸੋਵ ਦਾ ਏਕ੍ਰੀਡੇਸ਼ਨ ਖੋਹਣ ਤੋਂ ਇਕ ਦਿਨ ਪਿੱਛੋਂ ਕੱਲ੍ਹ ਅੰਤਰਰਾਸ਼ਟਰੀ ਮੁੱਕੇਬਾਜ਼ੀ ਐਸੋਸੀਏਸ਼ਨ (ਏ ਆਈ ਬੀ ਏ) ਨੇ ਖੇਡ ਭਾਵਨਾ ਦੇ ਉਲਟ ਵਤੀਰੇ ਕਾਰਨ ਮੁੱਕੇਬਾਜ਼ ਸਟੈਨੀਮੀਰਾ ਦਾ ਏਕ੍ਰੀਡੇਸ਼ਨ ਵੀ ਵਾਪਸ ਲੈ ਲਿਆ ਹੈ।

ਵਰਨਣ ਯੋਗ ਹੈ ਕਿ ਭਾਰਤੀ ਮੁੱਕੇਬਾਜ਼ ਸੋਨੀਆ ਦੇ ਖਿਲਾਫ ਵਿਸ਼ਵ ਚੈਂਪੀਅਨਸ਼ਿਪ ਦਾ ਮੁਕਾਬਲਾ 2-3 ਨਾਲ ਹਾਰਨ ਤੋਂ ਬਾਅਦ ਪੇਟ੍ਰੋਵਾ ਸਟੈਨੀਮੀਰਾ ਨੇ ਜੱਜਾਂ ਉਤੇ ਭ੍ਰਿਸ਼ਟ ਹੋਣ ਦਾ ਦੋਸ਼ ਲਾਇਆ ਸੀ, ਜਿਸ ਤੋਂ ਬਾਅਦ ਏ ਆਈ ਬੀ ਏ ਨੇ ਬੁਲਗਾਰੀਆ ਦੀ ਟੀਮ ਦੇ ਕੋਚ ਪੀਟਰ ਨੂੰ ਰਿੰਗ ਤੋਂ ਦੂਰ ਕਰ ਦਿੱਤਾ ਸੀ। ਇਸ ਸੰਬੰਧ ਵਿੱਚ ਕੱਲ੍ਹ ਏ ਆਈ ਬੀ ਏ ਦੇ ਕਾਰਜਕਾਰੀ ਡਾਇਰੈਕਟਰ ਟਾਮ ਵਿਰਗੇਟਸ ਨੇ ਕਿਹਾ ਕਿ ਬੁਲਗਾਰੀਆ ਦੀ ਮੁੱਕੇਬਾਜ਼ ਪ੍ਰੇਟੋਵਾ ਸਟੈਨੀਮੀਰਾ ਨੇ ਇਸ ਟੂਰਨਾਮੈਂਟ ਦੌਰਾਨ ਇਤਰਾਜ਼ਯੋਗ ਵਤੀਰਾ ਕੀਤਾ। ਉਨ੍ਹਾਂ ਨੇ ਏ ਆਈ ਬੀ ਏ ਅਧਿਕਾਰੀਆਂ ਦੇ ਖਿਲਾਫ ਝੂਠੇ ਤੇ ਗੁਮਰਾਹ ਕਰਨ ਵਾਲੇ ਬਿਆਨ ਦਿੱਤੇ। ਇਸ ਨਾਲ ਉਨ੍ਹਾਂ ਨੇ ਵਿਰੋਧੀ, ਜੱਜਾਂ, ਰੈਫਰੀ, ਟੂਰਨਾਮੈਂਟ ਦੇ ਪ੍ਰਬੰਧਕਾਂ ਅਤੇ ਏ ਆਈ ਬੀ ਏ ਦੀ ਬੇਇੱਜ਼ਤੀ ਕੀਤੀ ਹੈ। ਬਦਕਿਸਮਤੀ ਨਾਲ ਉਨ੍ਹਾਂ ਦੇ ਇਸ ਐਕਸ਼ਨ ਵਿੱਚ ਉਨ੍ਹਾਂ ਦੇ ਕੋਚ ਦਾ ਅਕਸ ਦਿਖਾਈ ਦਿੰਦਾ ਹੈ, ਜਿਨ੍ਹਾਂ ਨੇ ਖੇਡ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੇਟੋਵਾ ਵਿਰੋਧੀ ਨਤੀਜੇ ਤੋਂ ਖੁਸ਼ ਨਹੀਂ ਸੀ ਤੇ ਉਨ੍ਹਾਂ ਨੇ ਰਿੰਗ 'ਚੋਂ ਬਾਹਰ ਆ ਕੇ ਕਿਹਾ ਸੀ ਕਿ ਮੈਂ ਇਸ ਫੈਸਲੇ ਨਾਲ ਬਿਲਕੁਲ ਖੁਸ਼ ਨਹੀਂ ਹਾਂ, ਜੱਜ ਧੋਖਾ ਕਰ ਰਹੇ ਹਨ, ਇਹ ਨਤੀਜਾ ਸਹੀ ਨਹੀਂ ਹੈ। ਪੇਟ੍ਰੋਵਾ ਦੇ ਕੋਚ ਨੇ ਰੈਫਰੀ ਦੇ ਫੈਸਲੇ 'ਤੇ ਇਤਰਾਜ਼ ਜ਼ਾਹਿਰ ਕੀਤਾ ਸੀ।

# ਦਿੱਲੀ ਹਵਾਈ ਅੱਡੇ ਤੋਂ ਹਿਜ਼ਬੁਲ ਦਾ ਅੱਤਵਾਦੀ ਫੜ੍ਹਿਆ ਗਿਆ



ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਅੱਤਵਾਦੀ ਸੰਗਠਨ ਹਿਜ਼ਬੁਲ ਮੁਜਾਹਦੀਨ ਦੇ ਇਕ ਅੱਤਵਾਦੀ ਅੰਸਾਰ ਉਲ ਹਕ ਨੂੰ ਕੱਲ੍ਹ ਪੁਲਸ ਦੇ ਵਿਸ਼ੇਸ਼ ਸੈਲ ਨੇ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਹੈ। ਪੁਲਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਇਹ ਅੱਤਵਾਦੀ ਦਿੱਲੀ ਤੋਂ ਭੱਜਣ ਦੀ ਕੋਸ਼ਿਸ਼ ਵਿੱਚ ਸੀ। ਗ੍ਰਿਫਤਾਰ ਅੱਤਵਾਦੀ ਦੀ ਉਮਰ ਕਰੀਬ 24-25 ਸਾਲ ਹੈ ਤੇ ਉਹ ਐਮ ਏ ਅੰਗਰੇਜ਼ੀ ਦਾ ਵਿਦਿਆਰਥੀ ਹੈ। ਪੁਲਸ ਦਾ ਕਹਿਣਾ ਹੈ ਕਿ ਉਕਤ ਅੱਤਵਾਦੀ 28 ਅਕਤੂਬਰ ਨੂੰ ਕਸ਼ਮੀਰ ਦੇ ਪੁਲਵਾਮਾ ਜ਼ਿਲੇ ਵਿੱਚ ਜੰਮੂ ਕਸ਼ਮੀਰ ਪੁਲਸ ਦੇ ਐਸ ਆਈ ਦੀ ਹੱਤਿਆ 'ਚ ਸ਼ਾਮਲ ਸੀ। ਇਸ ਵਾਰਦਾਤ ਤੋਂ ਬਾਅਦ ਉਹ ਕਸ਼ਮੀਰ ਤੋਂ ਦਿੱਲੀ ਆਇਆ ਅਤੇ ਇਥੋਂ ਮੁੰਬਈ ਗਿਆ ਅਤੇ ਮੁੰਬਈ ਤੋਂ ਬੈਂਗਲੁਰੂ ਹੁੰਦਾ ਵਾਪਸ ਦਿੱਲੀ ਪਹੁੰਚਿਆ ਸੀ। ਏਥੋਂ ਫਿਰ ਕਸ਼ਮੀਰ ਜਾਣ ਦੀ ਤਾਕ 'ਚ ਸੀ। ਇਹ ਕਸ਼ਮੀਰ 'ਚ ਫਲਾਂ ਦਾ ਵੱਡਾ ਕਾਰੋਬਾਰੀ ਹੈ। ਵਰਨਣ ਯੋਗ ਹੈ ਕਿ ਕਸ਼ਮੀਰ 'ਚ ਕੁਝ ਸਮਾਂ ਪਹਿਲਾਂ ਹਿਜ਼ਬੁਲ ਨੇ ਇਕ ਸਰਕੂਲਰ ਜਾਰੀ ਕਰ ਕੇ ਇਸ ਇਲਾਕੇ 'ਚ ਪੁਲਸ ਦੀ ਨੌਕਰੀ ਕਰਦੇ ਲੋਕਾਂ ਨੂੰ ਨੌਕਰੀ ਛੱਡ ਦੇਣ ਦੀ ਚਿਤਾਵਨੀ ਦਿੱਤੀ ਸੀ। ਇਸੇ ਦੌਰਾਨ ਹੀ ਘਰ ਮੁੜਦੇ ਸਬ ਇੰਸਪੈਕਟਰ ਇਮਤਿਆਜ਼ ਮੀਰ ਦੀ ਅੰਸਾਰ ਨੇ ਸਾਥੀਆਂ ਨਾਲ ਮਿਲ ਕੇ ਹੱਤਿਆ ਕਰ ਦਿੱਤੀ ਸੀ।

## ਕਾਰ ਨੂੰ ਅੱਗ ਲੱਗੀ, ਜਿੰਦਾ ਸੜ ਕੇ ਨੌਜਵਾਨ ਦੀ ਮੌਤ

ਨਾਹਨ, 21 ਨਵੰਬਰ (ਪੋਸਟ ਬਿਊਰੋ)- ਨਾਹਨ ਤੋਂ ਕਰੀਬ ਛੇ ਕਿਲੋਮੀਟਰ ਦੂਰ ਪਾਉਂਟਾ ਸਾਹਿਬ ਨੇੜੇ ਸੋਮਵਾਰ ਇੱਕ ਕਾਰ ਵਿੱਚ ਅੱਗ ਲੱਗਣ ਨਾਲ ਚਾਲਕ ਦੀ ਸੜ ਕੇ ਮੌਤ ਹੋ ਜਾਣ ਦੀ ਖਬਰ ਆਈ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਨੰਬਰ ਦੀ ਸਵਿਫਟ ਕਾਰ ਪਾਉਂਟਾ ਸਾਹਿਬ ਵੱਲ ਜਾ ਰਹੀ ਸੀ ਕਿ ਸੜਕ ਦੇ ਨਾਲ ਲੱਗੇ ਕਰੈਸ਼ ਬੈਰੀਅਰ ਨਾਲ ਟਕਰਾ ਗਈ, ਜਿਸ ਕਾਰਨ ਉਸ ਨੂੰ ਅੱਗ ਲੱਗ ਗਈ। ਚਾਲਕ ਨੂੰ ਇੰਨਾ ਮੌਕਾ ਵੀ ਨਹੀਂ ਮਿਲਿਆ ਕਿ ਬਾਹਰ ਨਿਕਲ ਸਕਦਾ। ਉਥੋਂ ਲੰਘਦ ਲੋਕਾਂ ਨੇ ਅੱਗ ਬੁਝਾਉਣ ਦੀ ਕੋਸ਼ਿਸ ਕੀਤੀ। ਜਦ ਤੱਕ ਫਾਇਰ ਬ੍ਰਿਗੇਡ ਨੇ ਪਹੁੰਚ ਕੇ ਅੱਗ ਬੁਝਾਈ, ਨੌਜਵਾਨ ਦੀ ਮੌਤ ਹੋ ਚੁੱਕੀ ਸੀ। ਕਾਰ ਵਿੱਚੋਂ ਮਿਲੇ ਕਾਗਜ਼ਾ ਮੁਤਾਬਕ ਉਹ ਮੋਹਾਲੀ ਦੇ ਖਰੜ ਵਿੱਚ ਰਹਿਣ ਵਾਲੇ ਨਰਿੰਦਰ ਸਿੰਘ ਪੁੱਤਰ ਪ੍ਰਤਾਪ ਸਿੰਘ ਦੇ ਨਾਂਅ ਹੈ। ਡੀ ਐੱਸ ਪੀ ਨਾਹਨ ਬਬੀਤਾ ਰਾਣਾ ਨੇ ਦੱਸਿਆ ਕਿ ਆਰਸੀ ਨਰਿੰਦਰ ਦੇ ਨਾਂਅ ਉੱਤੇ ਹੈ, ਪਰ ਉਸ ਪਤੇ ਉੱਤੇ ਕੋਈ ਨਹੀਂ ਰਹਿੰਦਾ। ਗੱਡੀ 'ਚੋਂ ਸੜੀ ਹੋਈ ਬੈਂਕ ਪਾਸਬੁਕ ਵੀ ਮਿਲੀ ਹੈ, ਜਿਸ 'ਤੇ ਜੀਰਕਪੁਰ ਦੇ ਕਿਸੇ ਅਸ਼ੋਕ ਸੈਣੀ ਦਾ ਨਾਂਅ ਲਿਖਿਆ ਹੈ।

# ਠਾਣੇ ਜੇਲ੍ਹ ਵਿੱਚ ਪੈਸੇ ਖਰਚ ਕੇ ਕੈਦੀ ਲੈਂਦੇ ਨੇ ਹਰ ਸਹੂਲਤ

ਠਾਣੇ, 21 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਜ਼ਿਲਾ ਠਾਣੇ ਦੀ ਜੇਲ੍ਹ ਵਿੱਚ ਉਥੇ ਦੀ ਸੁਰੱਖਿਆ 'ਚ ਲੱਗੇ ਪੁਲਸ ਮੁਲਾਜ਼ਮ ਮਾਲਦਾਰ ਕੈਦੀਆਂ ਨੂੰ ਸਾਰੀਆਂ ਸਹੂਲਤਾਂ ਹਾਸਲ ਕਰਵਾ ਦਿੰਦੇ ਹਨ। ਮਿਲੀ ਜਾਣਕਾਰੀ ਅਨੁਸਾਰ ਠਾਣੇ ਜੇਲ੍ਹ 'ਚ ਸਾਰੀਆਂ ਸਹੂਲਤਾਂ ਦੇ ਰੇਟ ਤੈਅ ਹਨ। ਜੇ ਜੇਲ੍ਹ ਦੀ ਚਟਾਈ ਚੁਭਦੀ ਹੈ ਤਾਂ ਉਸ ਉੱਤੇ ਨੀਂਦ ਨਹੀਂ ਆਉਂਦੀ ਤਾਂ ਇਸ ਦੇ ਜ਼ਿਆਦਾ ਨਹੀਂ, ਇੱਕ ਲੱਖ ਰੁਪਏ ਖਰਚ ਕਰਨੇ ਹੁੰਦੇ ਹਨ। ਇਕਦਮ ਫਸਟ ਕਲਾਸ ਗੱਦੇਦਾਰ ਬੈੱਡ ਮਿਲ ਜਾਂਦਾ ਹੈ। ਇਸ ਨੂੰ ਜੇਲ੍ਹ ਵਿੱਚ ਸਾਈਡ ਬੈਡ ਕਹਿੰਦੇ ਹਨ। ਇਸ ਦੀ ਲੰਬਾਈ ਅਤੇ ਚੌੜਾਈ ਛੇ ਫੁੱਟ ਹੁੰਦੀ ਹੈ। ਗੱਦੇ ਦਾ ਸਪੰਜ ਚਾਰ ਇੰਚ ਮੋਟਾ ਹੁੰਦਾ ਹੈ। ਜੇ ਕੈਦੀ ਨੇ ਆਪਣੇ ਪਰਵਾਰ ਨੂੰ ਮਿਲਣਾ ਹੈ ਤਾਂ 25 ਹਜ਼ਾਰ ਦੇਣੇ ਪੈਂਦੇ ਹਨ। ਜੇ ਕੈਦੀ ਆਰਾਮ ਕਰਨਾ ਚਾਹੁੰਦਾ ਹੈ ਤਾਂ 20 ਹਜ਼ਾਰ ਖਰਚਣਾ ਪੈਂਦਾ ਹੈ। ਠਾਣੇ ਸੈਂਟਰਲ ਜੇਲ੍ਹ 'ਚ ਆਮ ਤੌਰ 'ਤੇ ਸੱਤ ਤੋਂ 10 ਰੁਪਏ ਦੀ ਬੀੜੀ ਦੇ ਬੰਡਲ ਦੀ ਕੀਮਤ 100 ਰੁਪਏ ਅਤੇ ਸਿਗਰਟ ਦਾ ਪੈਕਟ 500 ਰੁਪਏ ਦਾ ਮਿਲਦਾ ਹੈ। ਜੇ ਕਿਸੇ ਕੈਦੀ ਨੂੰ ਲੜਕੀਬਾਜ਼ੀ ਕਰਨੀ ਹੋਵੇ ਤਾਂ 20 ਹਜ਼ਾਰ ਦੇਣੇ ਪੈਂਦੇ ਹਨ। ਇਸੇ ਤਰ੍ਹਾਂ ਦੇਸ਼ 'ਚ ਪਾਬੰਦੀ ਵਾਲੇ ਨਸ਼ੇ ਦੀ ਵੱਖਰੀ-ਵੱਖਰੀ ਕੀਮਤ 'ਤੇ ਮਿਲਦੀਆਂ ਹਨ।

# ਭਾਰਤ ਦੇ ਮੋਬਾਈਲ ਯੂਜ਼ਰਜ਼ ਦੀ ਫ੍ਰੀ ਇਨਕਮਿੰਗ ਸਹੂਲਤ ਬੰਦ ਹੋਵੇਗੀ



ਨਵੀਂ ਦਿੱਲੀ, 21 ਨਵੰਬਰ (ਪੋਸਟ ਬਿਊਰੋ)- ਰਿਲਾਇੰਸ ਜਿਓ ਦੇ ਟੈਲੀਕਾਮ ਸੈਕਟਰ ਵਿੱਚ ਉਤਰਨ ਪਿੱਛੋਂ ਟੈਲੀਕਾਮ ਦੀਆਂ ਹੋਰ ਕੰਪਨੀਆਂ ਦੇ ਸਾਹਮਣੇ ਆਪਣੇ ਗਾਹਕ ਬਚਾਈ ਰੱਖਣ ਦੀ ਚੁਣੌਤੀ ਅਜੇ ਵੀ ਬਣੀ ਹੋਈ ਹੈ। ਇਸ ਦਾ ਕਾਰਨ ਇਹ ਹੈ ਕਿ ਰਿਲਾਇੰਸ ਜਿਓ ਇੱਕ ਤੋਂ ਬਾਅਦ ਇੱਕ ਸਸਤੇ ਆਫਰ ਆਪਣੇ ਗਾਹਕਾਂ ਨੂੰ ਦੇ ਰਹੀ ਹੈ। ਜਿਓ ਦੀ ਤਰਜ਼ ਉੱਤੇ ਆਈਡੀਆ-ਵੋਡਾਫੋਨ, ਏਅਰਟੈੱਲ ਵਰਗੀਆਂ ਟੈਲੀਕਾਮ ਕੰਪਨੀਆਂ ਵੀ ਗਾਹਕਾਂ ਨੂੰ ਸਸਤੇ ਆਫਰ ਦੇ ਰਹੀਆਂ ਹਨ, ਪਰ ਇਨ੍ਹਾਂ ਆਫਰਾਂ ਕਾਰਨ ਇਨ੍ਹਾਂ ਕੰਪਨੀਆਂ ਦੀ ਕਮਾਈ ਘਟ ਰਹੀ ਹੈ। ਇਸ ਤੋਂ ਬਚਣ ਲਈ ਇਨ੍ਹਾਂ ਕੰਪਨੀਆਂ ਨੇ ਨਵਾਂ ਰਸਤਾ ਅਪਣਾਇਆ ਅਤੇ ਸਾਰੇ ਯੂਜ਼ਰਜ਼ ਲਈ ਘੱਟੋ ਘੱਟ 35 ਰੁਪਏ ਦਾ ਰੀਚਾਰਜ ਕਰਾਉਣਾ ਲਾਜ਼ਮੀ ਕਰ ਦਿੱਤਾ ਹੈ। ਜੇ ਕੋਈ ਮੋਬਾਈਲ ਗਾਹਕ ਅਜਿਹਾ ਨਹੀਂ ਕਰਦਾ ਤਾਂ ਉਸ ਦੀ ਇਨਕਮਿੰਗ ਕਾਲ ਸਹੂਲਤ ਬੰਦ ਕਰ ਦਿੱਤੀ ਜਾਵੇਗੀ। ਇਸ 35 ਰੁਪਏ ਦੇ ਰੀਚਾਰਜ 'ਚ ਗਾਹਕਾਂ ਨੂੰ 26 ਰੁਪਏ ਦਾ ਬੈਲੇਂਸ ਅਤੇ 28 ਦਿਨ ਦੀ ਵੈਲੇਡਿਟੀ ਮਿਲੇਗੀ। 28 ਦਿਨ ਪੂਰੇ ਹੋਣ ਪਿੱਛੋਂ ਜੇ ਕੋਈ ਗਾਹਕ ਨਵਾਂ ਰੀਚਾਰਜ ਨਹੀਂ ਕਰਦਾ ਤਾਂ ਬੈਲੇਂਸ ਹੋਣ ਦੇ ਬਾਵਜੂਦ ਉਸ ਦੀ ਆਊਟਗੋਇੰਗ ਸੇਵਾ ਬੰਦ ਕਰ ਦਿੱਤੀ ਜਾਵੇਗੀ। ਜੇ ਕੁਝ ਸਮੇਂ ਬਾਅਦ ਵੀ ਰੀਚਾਰਜ ਨਹੀਂ ਕੀਤਾ ਜਾਂਦਾ ਤਾਂ ਉਸ ਗਾਹਕ ਦੀ ਇਨਕਮਿੰਗ ਸੇਵਾ ਵੀ ਬੰਦ ਕਰ ਦਿੱਤੀ ਜਾਵੇਗੀ। ਕੰਪਨੀਆਂ ਦਾ ਕਹਿਣਾ ਹੈ ਕਿ ਉਹ ਆਪਣੀਆਂ ਸੇਵਾਵਾਂ ਦੇ ਬਦਲੇ ਇੱਕ ਤੈਅ ਫੀਸ ਵਸੂਲ ਰਹੀਆਂ ਹਨ, ਇਸ ਲਈ ਇਹ ਨਵਾਂ ਨਿਯਮ ਬਣਾਇਆ ਗਿਆ ਹੈ।









### ਚੋਣਾਂ ਵਿੱਚ ਰੂਸੀ ਦਖਲ:

# ਜਾਂਚ ਲਈ ਟਰੰਪ ਦੇ ਵਕੀਲ ਨੇ ਸਵਾਲਾਂ ਦੇ ਲਿਖਤੀ ਜਵਾਬ ਜਮ੍ਹਾਂ ਕਰਾਏ

ਵਾਸ਼ਿੰਗਟਨ, 21 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਕੀਲਾਂ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਨੇ 2016 ਦੀਆਂ ਰਾਸ਼ਟਰਪਤੀ ਚੋਣਾਂ 'ਚ ਰੂਸ ਦੇ ਦਖਲ ਅਤੇ ਟਰੰਪ ਦੀ ਪ੍ਰਚਾਰ ਮੁਹਿੰਮ ਦੀ ਉਨ੍ਹਾਂ ਨਾਲ ਮਿਲੀ ਭੁਗਤ ਦੇ ਦੋਸ਼ਾਂ ਦੀ ਜਾਂਚ ਕਰਦੇ ਸਪੈਸ਼ਲ ਕੌਂਸਲ ਰਾਬਰਟ ਮੂਲਰ ਦੇ ਸਵਾਲਾਂ ਦਾ ਉੱਤਰ ਦੇ ਦਿੱਤਾ ਹੈ।



ਇਸ ਸੰਬੰਧ ਵਿੱਚ ਰਾਸ਼ਟਰਪਤੀ ਦੇ ਵਕੀਲ ਜੇ ਸੇਕੁਲਾ ਨੇ ਇਕ ਬਿਆਨ ਵਿੱਚ ਕਿਹਾ ਕਿ ਰਾਸ਼ਟਰਪਤੀ ਨੇ ਅੱਜ ਸਪੈਸ਼ਲ ਕੌਂਸਲ ਦਫਤਰ ਦੇ ਪ੍ਰਸ਼ਨਾਂ ਦਾ ਲਿਖਤ ਜਵਾਬ ਦੇ ਦਿੱਤਾ ਹੈ। ਜਾਂਚ ਵਿੱਚ ਰੂਸ ਨਾਲ ਸਬੰਧਤ ਵਿਸ਼ਿਆਂ ਬਾਰੇ ਪੁੱਛੇ ਗਏ ਸਵਾਲਾਂ ਦਾ ਰਾਸ਼ਟਰਪਤੀ ਨੇ ਲਿਖਤੀ ਉੱਤਰ ਦਿੱਤਾ ਹੈ। ਟਰੰਪ ਦੇ ਨਿੱਜੀ ਵਕੀਲ ਰੂਡੀ ਗਿਓਲਿਯਾਨੀ ਨੇ ਵੀ ਬਿਆਨ ਜਾਰੀ ਕੀਤਾ ਕਿ ਸ਼ੁਰੂ ਤੋਂ ਸਾਡਾ ਰੁਖ ਇਹੀ ਹੈ ਕਿ ਜੋ ਕੁਝ ਪੁੱਛਿਆ ਗਿਆ ਹੈ, ਉਸ ਵਿੱਚ ਜ਼ਿਆਦਾਤਰ ਚੀਜ਼ਾਂ ਗੰਭੀਰ ਸੰਵਿਧਾਨਕ ਮੁੱਦੇ ਚੁੱਕਦੀਆਂ ਹਨ ਤੇ ਜਾਂਚ ਦੇ ਘੇਰੇ ਤੋਂ ਬਾਹਰਲੀਆਂ ਹਨ। ਸਾਡਾ ਅੱਜ ਵੀ ਇਹੀ ਰੁਖ ਹੈ। ਗਿਓਲਾਨੀ ਨੇ ਕਿਹਾ ਕਿ ਰਾਸ਼ਟਰਪਤੀ ਨੇ ਉਸ ਤੋਂ ਬਾਅਦ ਵੀ ਵੱਡਾ ਸਹਿਯੋਗ ਕੀਤਾ ਹੈ। ਸਪੈਸ਼ਲ ਕੌਂਸਲ ਦੇ ਸਾਹਮਣੇ 30 ਤੋਂ ਜ਼ਿਆਦਾ ਗਵਾਹ ਪੇਸ਼ ਕੀਤੇ ਗਏ, 14 ਲੱਖ ਤੋਂ ਜ਼ਿਆਦਾ ਕਾਗਜ਼ ਦਿੱਤੇ ਗਏ ਤੇ ਫਿਰ ਰਾਸ਼ਟਰਪਤੀ ਤੋਂ ਪ੍ਰਸ਼ਨਾਂ ਦੇ ਲਿਖਤ ਉੱਤਰ ਮੰਗੇ ਗਏ। ਇਸ ਵਕਤ ਜਾਂਚ ਨੂੰ ਨਤੀਜੇ ਤੱਕ ਪਹੁੰਚਾਉਣ ਦਾ ਸਮਾਂ ਹੈ।

ਵਾਲ ਸਟ੍ਰੀਟ ਜਨਰਲ ਨੇ ਕਿਹਾ ਹੈ ਕਿ ਐੱਫ ਬੀ ਆਈ ਦੇ ਸਾਬਕਾ ਡਾਇਰੈਕਟਰ ਮੂਲਰ ਨੇ ਕਰੀਬ ਇਕ ਸਾਲ ਪਹਿਲਾਂ ਆਪਣੀ ਟੀਮ ਨੂੰ ਸੰਕੇਤ ਦਿੱਤਾ ਸੀ ਕਿ ਉਹ ਰਾਸ਼ਟਰਪਤੀ ਤੋਂ ਪ੍ਰਸ਼ਨ ਪੁੱਛਣ ਦੇ ਇੱਛੁਕ ਹਨ। ਟਰੰਪ ਨੇ ਕਿਹਾ ਕਿ ਇਹ ਆਸਾਨ ਸਵਾਲ ਸਨ ਤੇ ਉਨ੍ਹਾਂ ਨੂੰ ਇਨ੍ਹਾਂ ਦਾ ਉੱਤਰ ਦੇਣ ਵਿੱਚ ਕੋਈ ਔਖ ਨਹੀਂ ਹੋਈ। ਉਨ੍ਹਾਂ ਨੇ ਵਾਰ-ਵਾਰ ਕਿਹਾ ਹੈ ਕਿ ਉਨ੍ਹਾਂ ਦੇ ਪ੍ਰਚਾਰ ਦਲ ਦੀ ਰੂਸੀ ਲੋਕਾਂ ਨਾਲ ਕੋਈ ਮਿਲੀਭੁਗਤ ਨਹੀਂ ਰਹੀ।

# ਹਾਈ ਕੋਰਟ ਨੇ ਕਿਹਾ: ਮੁਸ਼ੱਰਫ ਲਈ ਵਤਨ ਵਾਪਸੀ ਹੀ ਬਿਹਤਰ

ਇਸਲਾਮਾਬਾਦ, 21 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਇਸਲਾਮਾਬਾਦ ਹਾਈ ਕੋਰਟ ਨੇ ਕਿਹਾ ਹੈ ਕਿ ਪਰਵੇਜ਼ ਮੁਸ਼ੱਰਫ ਲਈ ਇਹੀ ਬਿਹਤਰ ਹੈ ਕਿ ਉਹ ਦੇਸ਼ਧ੍ਰੋਹ ਦੇ ਕੇਸ ਦੀ ਸੁਣਵਾਈ ਲਈ ਵਤਨ ਵਾਪਸ ਆਉਣ।



ਹਾਈ ਕੋਰਟ ਦੇ ਦੋ ਮੈਂਬਰੀ ਬੈਂਚ ਨੇ ਇਸ ਟਿੱਪਣੀ ਦੇ ਨਾਲ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੇ ਵਕੀਲ ਸਲਮਾਨ ਸਫਦਰ ਨੂੰ ਅਗਲੀ ਸੁਣਵਾਈ ਉਤੇ ਮੁਸ਼ੱਰਫ ਦਾ ਯਾਤਰਾ ਪ੍ਰੋਗਰਾਮ ਅਦਾਲਤ ਵਿੱਚ ਜਮ੍ਹਾਂ ਕਰਨ ਦਾ ਆਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਆਪਣੇ ਦੇਸ਼ ਪਰਤਣ 'ਤੇ ਮੁਸ਼ੱਰਫ ਨੂੰ ਪੂਰੀ ਸੁਰੱਖਿਆ ਦਿੱਤੀ ਜਾਵੇਗੀ। ਇਸ ਕੇਸ ਦੀ ਅਗਲੀ ਸੁਣਵਾਈ ਦਸੰਬਰ ਦੇ ਦੂਜੇ ਹਫਤੇ ਹੋਣ ਦੀ ਸੰਭਾਵਨਾ ਹੈ। ਵਰਨਣ ਯੋਗ ਹੈ ਕਿ ਸਾਲ 2014 'ਚ ਉਸ ਵੇਲੇ ਦੀ ਨਵਾਜ਼ ਸ਼ਰੀਫ ਸਰਕਾਰ ਨੇ ਜਨਰਲ ਮੁਸ਼ੱਰਫ ਦੇ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਸੀ। ਉਨ੍ਹਾਂ ਉਤੇ ਸਾਲ 2007 ਵਿੱਚ ਦੇਸ਼ 'ਤੇ ਐਮਰਜੈਂਸੀ ਥੋਪਣ ਅਤੇ ਸੀਨੀਅਰ ਜੱਜਾਂ ਨੂੰ ਨਜ਼ਰਬੰਦ ਕਰਨ ਸਮੇਤ 100 ਜੱਜਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਉਣ ਦਾ ਦੋਸ਼ ਹੈ। ਇਸ ਕੇਸ ਦੀ ਸੁਣਵਾਈ ਤੋਂ ਬਚਣ ਲਈ ਮੁਸ਼ੱਰਫ ਬਿਮਾਰੀ ਦਾ ਬਹਾਨਾ ਬਣਾ ਕੇ 2016 'ਚ ਦੁਬਈ ਭੱਜ ਗਏ ਸਨ। ਕੋਰਟ ਨੇ ਕਈ ਵਾਰੀ ਉਨ੍ਹਾਂ ਨੂੰ ਪੇਸ਼ ਹੋਣ ਦਾ ਆਦੇਸ਼ ਦਿੱਤਾ, ਪਰ ਉਹ ਪੇਸ਼ ਨਹੀਂ ਹੋਏ। ਇਸ ਤੋਂ ਨਾਰਾਜ਼ ਚੀਫ ਜਸਟਿਸ ਨੇ ਪਿਛਲੇ ਮਹੀਨੇ ਸਖਤ ਟਿੱਪਣੀ ਕੀਤੀ ਸੀ ਕਿ ਜਾਂ ਦਲੇਰ ਕਮਾਂਡੋ ਵਜੋਂ ਮੁਸ਼ੱਰਫ ਕੋਰਟ 'ਚ ਪੇਸ਼ ਹੋਣ, ਜਾਂ ਉਨ੍ਹਾਂ ਨੂੰ ਜ਼ਬਰਦਸਤੀ ਪਾਕਿਸਤਾਨ ਲਿਆਂਦਾ ਜਾਵੇਗਾ।

## ਪ੍ਰਭਾਵਸ਼ਾਲੀ ਔਰਤਾਂ ਦੀ ਸੂਚੀ ਵਿੱਚ ਪਾਕਿ ਦੀ ਹਿੰਦੂ ਐਮ ਪੀ

ਇਸਲਾਮਾਬਾਦ, 21 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਹਿੰਦੂ ਮਹਿਲਾ ਪਾਰਲੀਮੈਂਟ ਮੈਂਬਰ ਕ੍ਰਿਸ਼ਨਾ ਕੁਮਾਰੀ ਕੋਹਲੀ ਨੂੰ ਬੀ ਬੀ ਸੀ ਨੇ ਦੁਨੀਆ ਦੀਆਂ 100 ਪ੍ਰਭਾਵਸ਼ਾਲੀ ਔਰਤਾਂ ਦੀ ਸੂਚੀ 'ਚ ਰੱਖਿਆ ਗਿਆ ਹੈ। ਕ੍ਰਿਸ਼ਨਾ (40) ਪਾਕਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਲਈ ਆਵਾਜ਼ ਉਠਾਉਣ ਲਈ ਜਾਣੀ ਜਾਂਦੀ ਹੈ। ਉਸ ਦੇਸ਼ ਵਿੱਚ ਉਹ ਹਿੰਦੂ ਦਲਿਤ ਭਾਈਚਾਰੇ ਦੀ ਪਹਿਲੀ ਮਹਿਲਾ ਸੈਨੇਟਰ ਹੈ। ਬੀ ਬੀ ਸੀ ਨੇ 100 ਪ੍ਰੇਰਣਾਦਾਈ ਤੇ ਪ੍ਰਭਾਵਸ਼ਾਲੀ ਔਰਤਾਂ ਦੀ ਸੂਚੀ 'ਚ ਕ੍ਰਿਸ਼ਨਾ ਨੂੰ 48ਵੇਂ ਨੰਬਰ 'ਤੇ ਰੱਖਿਆ ਹੈ। ਕ੍ਰਿਸ਼ਨਾ ਬੀਤੇ ਮਾਰਚ 'ਚ ਸੈਨੇਟ ਲਈ ਚੁਣੀ ਗਈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪਾਕਿਸਤਾਨ 'ਚ ਬੰਧੂਆ ਮਜ਼ਦੂਰਾਂ ਤੇ ਮਹਿਲਾਵਾਂ ਦੀਆਂ ਸਮੱਸਿਆਵਾਂ 'ਤੇ ਸਾਲਾਂ ਤੱਕ ਸੰਘਰਸ਼ ਕੀਤਾ ਸੀ।


## ਲਾਪਤਾ ਹੋਈ 26 ਸਾਲਾ ਗਰਭਵਤੀ ਭਾਰਤੀ ਔਰਤ ਦੀ ਲਾਸ਼ ਮਿਲੀ

ਆਕਲੈਂਡ, 21 ਨਵੰਬਰ (ਪੋਸਟ ਬਿਊਰੋ)- ਵਲਿੰਗਟਨ ਨੇੜੇ ਖੰਡਾਲਾ ਕਸਬੇ ਦੇ ਕੈਸ਼ਮੀਰ ਐਵੇਨਿਊ ਵਿਖੇ ਰਹਿੰਦੀ 26 ਸਾਲਾ ਭਾਰਤੀ ਔਰਤ ਸੋਨਮ ਸ਼ੈਲਰ (ਮੁੰਬਈ) ਦੀ ਲਾਸ਼ ਅੱਜ ਪੁਲਿਸ ਨੂੰ ਵਾਇਰਾਰਾਪਾ ਬੀਚ ਤੋਂ ਮਿਲੀ ਹੈ।

ਵਰਨਣ ਯੋਗ ਹੈ ਕਿ ਸੋਨਮ ਸ਼ੈਲਰ ਦੇ ਪਤੀ ਸਾਗਰ ਸ਼ੈਲਰ ਨੇ ਸ਼ਨਿਚਰਵਾਰ ਪੁਲਿਸ ਨੂੰ ਇਹ ਕਿਹਾ ਸੀ ਕਿ ਉਹ ਆਪਣੀ ਪਤਨੀ ਨੂੰ ਸਵੇਰੇ 8.30 ਵਜੇ ਕੰਮ ਉੱਤੇ ਜਾਣ ਵੇਲੇ ਘਰ ਛੱਡ ਗਿਆ ਸੀ, ਦਿਨ ਵੇਲੇ ਜਦੋ ਉਸ ਨੂੰ ਫੋਨ ਕੀਤਾ ਤਾਂ ਫੋਨ ਬੰਦ ਆ ਰਿਹਾ ਸੀ। ਇਸ ਪਿੱਛੋਂ ਉਸ ਨੇ ਘਰ ਆ ਕੇ ਵੇਖਿਆ ਤਾਂ ਉਸ ਦੀ ਪਤਨੀ ਲਾਪਤਾ ਸੀ। ਪਤੀ ਅਨੁਸਾਰ ਉਹ ਸਿਰਫ਼ 20 ਡਾਲਰ ਲੈ ਗਈ ਹੋਵੇਗੀ ਤੇ ਦੋ ਫੋਨ ਉਸ ਕੋਲ ਹੋਣਗੇ। ਪੁਲਿਸ ਨੂੰ ਉਸ ਦੀ ਗੁੰਮਸ਼ੁਦਗੀ ਬਾਰੇ ਦੱਸਿਆ ਗਿਆ ਕਿ ਉਹ ਇਸ ਗੱਲੋਂ ਪ੍ਰੇਸ਼ਾਨ ਸੀ ਕਿ ਉਸ ਦੇ ਹੋਣ ਵਾਲਾ ਬੱਚਾ ਮੁੰਡਾ ਨਹੀਂ, ਜਦ ਕਿ 15 ਨਵੰਬਰ ਨੂੰ ਕਰਵਾਈ ਗਈ ਅਲਟਰਾ ਸਾਊਂਡ ਸਕੈਨਿੰਗ ਵਿੱਚ ਅਜੇ ਡਾਕਟਰ ਨੇ ਸਪੱਸ਼ਟ ਨਹੀਂ ਕੀਤਾ ਸੀ। ਉਸ ਦੇ ਪਤੀ ਨੇ ਇਹ ਵੀ ਕਿਹਾ ਕਿ ਸਕੈਨਿਗ ਤੋਂ ਬਾਅਦ ਉਹ ਕਾਰ ਵਿੱਚ ਆ ਕੇ ਰੋਣ ਲੱਗ ਪਈ ਸੀ। ਇਹ ਮਹਿਲਾ 5 ਮਹੀਨਿਆਂ ਦੀ ਗਰਭਵਤੀ ਸੀ। ਪਤੀ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਸ ਦੀ ਪਤਨੀ ਦਾ ਸੁਪਨਾ ਸੀ ਕਿ ਉਸ ਦੇ ਹੋਣ ਵਾਲਾ ਬੱਚਾ ਸਿਰਫ਼ ਮੁੰਡਾ ਹੋਵੇ। ਦਸੰਬਰ ਮਹੀਨੇ ਹੀ ਇਸ ਦਾ ਵਿਆਹ ਹੋਇਆ ਸੀ ਤੇ ਅਪ੍ਰੈਲ ਮਹੀਨੇ ਉਹ ਭਾਰਤ ਤੋਂ ਇਥੇ ਆਈ ਸੀ।

## 'ਬੜੌਦਾ ਕਾ ਚਾਂਦ' ਹਾਂਗਕਾਂਗ ਵਿੱਚ ਨਿਲਾਮ ਹੋਵੇਗਾ

ਹਾਂਗਕਾਂਗ, 21 ਨਵੰਬਰ (ਪੋਸਟ ਬਿਊਰੋ)- ਭਾਰਤ ਅਤੇ ਹਾਲੀਵੁੱਡ ਦੀ ਸ਼ਾਨ ਰਿਹਾ 'ਬੜੌਦਾ ਕਾ ਚਾਂਦ' ਨਾਂਅ ਦਾ ਮਸ਼ਹੂਰ 24 ਕੈਰੇਟ ਦਾ ਹੀਰਾ ਹਾਂਗਕਾਂਗ ਵਿੱਚ 27 ਨਵੰਬਰ ਨੂੰ ਨਿਲਾਮ ਹੋਵੇਗਾ। ਪੀਲੇ ਰੰਗ ਅਤੇ ਨਾਸ਼ਪਾਤੀ ਦੇ ਆਕਾਰ ਦਾ ਇਹ ਹੀਰਾ 15ਵੀਂ ਸਦੀ ਦੌਰਾਨ ਬੜੌਦਾ 'ਚ ਰਾਜ ਕਰਦੇ ਰਹੇ ਗਾਇਕਵਾੜ ਪਰਿਵਾਰ ਕੋਲ ਹੁੰਦਾ ਸੀ।



ਵਰਨਣ ਯੋਗ ਹੈ ਕਿ ਗਾਇਕਵਾੜ ਭਾਰਤ ਦੇ ਸਭ ਤੋਂ ਪੁਰਾਣੇ ਤੇ ਖ਼ੁਸ਼ਹਾਲ ਰਾਜਸ਼ਾਹੀ ਪਰਿਵਾਰਾਂ ਵਿਚੋਂ ਸਨ। ਕੁਝ ਸਦੀਆਂ ਤਕ ਗ਼ਾਇਬ ਰਹਿਣ ਪਿੱਛੋਂ 1926 ਵਿਚ ਇਹ ਹੀਰਾ ਦੁਬਾਰਾ ਜ਼ਾਹਰ ਹੋਇਆ, ਜਦੋਂ ਪ੍ਰਿੰਸ ਰਾਮਚੰਦਰ ਉਸ ਨੂੰ ਅਮਰੀਕਾ ਲੈ ਕੇ ਗਏ ਸਨ। 1943 ਵਿਚ ਲਾਸ ਏਂਜਲਸ 'ਚ ਹੋਏ ਈਸਟਰ ਫੈਸ਼ਨ ਫੈਸਟੀਵਲ 'ਚ ਇਸ ਅਨੋਖੇ ਹੀਰੇ ਦੀ ਪ੍ਰਦਰਸ਼ਨੀ ਲਾਈ ਗਈ ਸੀ। 1950 ਦੇ ਨੇੜੇ ਇਹ ਹੀਰਾ ਮਾਇਰ ਗਹਿਣਾ ਕੰਪਨੀ ਦੇ ਮਾਲਕ ਮਾਇਰ ਰੋਜੇਨਬਾਉਮ ਕੋਲ ਸੀ। ਇਸ ਦੌਰਾਨ 'ਬੜੌਦਾ ਕੇ ਚਾਂਦ' ਨੂੰ ਕਾਫ਼ੀ ਪ੍ਰਸਿੱਧੀ ਮਿਲੀ। ਹਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਤੇ ਗਾਇਕਾ ਮਾਰਲਿਨ ਮੁਨਰੋ ਨੇ ਇਹ ਹੀਰਾ ਪਹਿਨ ਕੇ ਮਸ਼ਹੂਰ ਗਾਣਾ 'ਡਾਇਮੰਡ ਆਰ ਏ ਗਰਲਜ਼ ਬੇਸਡ ਫਰੈਂਡ' ਗਾਇਆ ਸੀ।

## ਫਲਾਈਟ ਨਿਕਲ ਗਈ ਤਾਂ ਔਰਤ ਨੇ ਜਹਾਜ਼ ਦੇ ਪਿੱਛੇ ਰਨਵੇ 'ਤੇ ਦੌੜ ਲਾ ਦਿੱਤੀ

ਬਾਲੀ, 21 ਨਵੰਬਰ (ਪੋਸਟ ਬਿਊਰੋ)- ਇੰਡੋਨੇਸ਼ੀਆ ਵਿੱਚ ਇੱਕ ਔਰਤ ਦੀ ਫਲਾਈਟ ਨਿਕਲ ਗਈ ਤਾਂ ਉਸ ਔਰਤ ਨੇ ਸੁਰੱਖਿਆ ਘੇਰਾ ਤੋੜ ਕੇ ਜਹਾਜ਼ ਦੇ ਪਿੱਛੇ ਦੌੜ ਲਾ ਦਿੱਤੀ। ਰਨਵੇ ਉੱਤੇ ਦੌੜਦਾ ਦੇਖ ਦੋ ਮਹਿਲਾ ਸੁਰੱਖਿਆ ਮੁਲਾਜ਼ਮਾਂ ਨੇ ਉਸ ਨੂੰ ਰੋਕਿਆ ਅਤੇ ਪੁਲਸ ਦੇ ਹਵਾਲੇ ਕਰ ਦਿੱਤਾ।



ਏਥੋਂ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਫਲਾਈਟ ਸੋਮਵਾਰ ਸਵੇਰੇ 7.10 ਵਜੇ ਬਾਲੀ ਤੋਂ ਜਕਾਰਤਾ ਦੇ ਲਈ ਉੱਡ ਗਈ। ਜਦ ਔਰਤ ਏਅਰਪੋਰਟ ਪਹੁੰਚੀ ਤਾਂ ਫਲਾਈਟ ਉਡਾਣ ਭਰ ਚੁੱਕੀ ਸੀ। ਔਰਤ ਨੇ ਏਅਰਪੋਰਟ ਪਹੁੰਚਣ ਲਈ ਸੁਰੱਖਿਆ ਘੇਰਾ ਤੋੜ ਦਿੱਤਾ ਸੀ। ਉਸ ਔਰਤ ਨੇ ਦੱਸਿਆ ਕਿ ਟਰੈਫਿਕ ਦੇ ਕਾਰਨ ਉਹ ਦੇਰ ਨਾਲ ਪਹੁੰਚੀ ਸੀ। ਇਸ ਦੇ ਬਾਅਦ ਉਹ ਦੁਪਹਿਰ ਦੀ ਫਲਾਈਟ ਤੋਂ ਜਕਾਰਤਾ ਦੇ ਲਈ ਰਵਾਨਾ ਹੋਈ।

## ਇੰਟਰਪੋਲ ਦੇ ਨਵੇਂ ਮੁਖੀ ਦੱਖਣੀ ਕੋਰੀਆ ਦੇ ਯਾਂਗ ਬਣੇ

ਦੁਬਈ, 21 ਨਵੰਬਰ (ਪੋਸਟ ਬਿਊਰੋ)- ਦੱਖਣੀ ਕੋਰੀਆ ਦੇ ਕਿਮ ਜੋਂਗ-ਯਾਂਗ ਅੱਜ ਬੁੱਧਵਾਰ ਅੰਤਰਰਾਸ਼ਟਰੀ ਪੁਲਿਸ ਸੰਗਠਨ ਇੰਟਰਪੋਲ ਦੇ ਨਵੇਂ ਮੁਖੀ ਚੁਣੇ ਗਏ। ਇੰਟਰਪੋਲ ਦੇ 194 ਮੈਂਬਰ ਦੇਸ਼ਾਂ ਦੀ ਸਾਲਾਨਾ ਮੀਟਿੰਗ ਦੌਰਾਨ ਇਥੇ ਹੋਈ ਵੋਟਿੰਗ ਵਿਚ ਉਨ੍ਹਾਂ ਨੇ ਰੂਸ ਦੇ ਅਲੈਗਜ਼ੈਂਡਰ ਪ੍ਰੋਕੋਪਚੁੱਕ ਨੂੰ ਹਰਾਇਆ।



ਪ੍ਰੋਕੋਪਚੁੱਕ ਦੀ ਉਮੀਦਵਾਰੀ ਦਾ ਯੂਰਪ ਅਤੇ ਅਮਰੀਕਾ ਨੇ ਵਿਰੋਧ ਕੀਤਾ ਸੀ। ਕਿਮ ਦਾ ਕਾਰਜਕਾਲ ਦੋ ਸਾਲ ਦਾ ਹੋਵੇਗਾ। ਉਨ੍ਹਾਂ ਨੇ ਚੀਨ ਦੇ ਮੇਂਗ ਹਾਂਗਵੇਈ ਦੀ ਥਾਂ ਲਈ ਹੈ। ਮੇਂਗ ਸਤੰਬਰ ਵਿਚ ਛੁੱਟੀ ਉਤੇ ਚੀਨ ਜਾਣ ਪਿੱਛੋਂ ਲਾਪਤਾ ਹੋ ਗਏ ਸਨ। ਬਾਅਦ ਵਿਚ ਚੀਨ ਨੇ ਕਿਹਾ ਸੀ ਕਿ ਰਿਸ਼ਵਤ ਦੇ ਦੋਸ਼ਾਂ ਕਾਰਨ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਹੈ। ਕਿਮ ਨੂੰ ਜਿਥੇ ਅਮਰੀਕਾ ਤੇ ਬ੍ਰਿਟੇਨ ਵਰਗੇ ਪ੍ਰਭਾਵਸ਼ਾਲੀ ਦੇਸ਼ਾਂ ਦਾ ਸਮੱਰਥਨ ਮਿਲਿਆ, ਕਈ ਦੇਸ਼ਾਂ ਨੇ ਰੂਸ ਦੇ ਗ੍ਰਹਿ ਮੰਤਰਾਲੇ ਦੇ ਅਧਿਕਾਰੀ ਅਤੇ ਇਸ ਵੇਲੇ ਇੰਟਰਪੋਲ ਦੇ ਉਪ ਪ੍ਰਧਾਨ ਪ੍ਰੋਕੋਪਚੁੱਕ ਦੀ ਉਮੀਦਵਾਰੀ ਰੱਦ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਰੂਸ ਇਸ ਅਹਿਮ ਅਹੁਦੇ ਦੀ ਵਰਤੋਂ ਆਪਣੇ ਰਾਜਨੀਤਕ ਵਿਰੋਧੀਆਂ ਖ਼ਿਲਾਫ਼ ਕਰ ਸਕਦਾ ਹੈ। ਯੂਕਰੇਨ ਤੇ ਲਿਥੂਆਨੀਆ ਨੇ ਪ੍ਰੋਕੋਪਚੁੱਕ ਦੇ ਪ੍ਰਧਾਨ ਬਣਨ 'ਤੇ ਇੰਟਰਪੋਲ ਤੋਂ ਬਾਹਰ ਜਾਣ ਤਕ ਦੀ ਧਮਕੀ ਦੇ ਦਿੱਤੀ ਸੀ। ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੇ ਵੀ ਮੰਗਲਵਾਰ ਨੂੰ ਇੰਟਰਪੋਲ ਦੇ ਮੈਂਬਰ ਦੇਸ਼ਾਂ ਨੂੰ ਕਿਮ ਦਾ ਸਮੱਰਥਨ ਕਰਨ ਦੀ ਅਪੀਲ ਕੀਤੀ ਸੀ।

# ਫੌਜੀਆਂ ਤੇ ਪੁਲਸ ਵੱਲੋਂ ਪਾਰਲੀਮੈਂਟ ਵਿੱਚ ਭੰਨ ਤੋੜ



ਪੋਰਟ ਮੋਰੇਸਬੀ, 21 ਨਵੰਬਰ (ਪੋਸਟ ਬਿਊਰੋ)- ਪੈਸੇਫਿਕ ਮਹਾਸਾਗਰ ਖੇਤਰ 'ਚ ਟਾਪੂਆਂ ਵਾਲੇ ਦੇਸ਼ ਪਾਪੂਆ ਨਿਊ ਗਿਨੀ 'ਚ ਖਤਮ ਹੋਏ ਏਪੈਕ ਸਿਖਰ ਸੰਮੇਲਨ ਦੇ ਬਕਾਏ ਬਾਰੇ ਕੱਲ੍ਹ ਪੁਲਸ ਮੁਲਾਜ਼ਮਾਂ ਤੇ ਫੌਜ ਦੇ ਜਵਾਨਾਂ ਦਾ ਗੁੱਸਾ ਫੁੱਟ ਪਿਆ। ਬਕਾਏ ਦੀ ਮੰਗ ਲਈ ਉਹ ਪਾਰਲੀਮੈਂਟ ਵਿੱਚ ਜਾ ਵੜੇ ਅਤੇ ਖਿੜਕੀਆਂ ਤੇ ਫਰਨੀਚਰ ਤੋੜ ਦਿੱਤੇ।

ਰਾਜਧਾਨੀ ਪੋਰਟ ਮੋਰੇਸਬੀ ਵਿੱਚ ਬੀਤੇ ਦਿਨੀਂ ਹੋਏ ਏਸ਼ੀਆ-ਪੈਸੇਫਿਕ ਆਰਥਿਕ ਸਹਿਯੋਗ (ਏਪੈਕ) ਸੰਮੇਲਨ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਸਮੇਤ ਕਈ ਦੇਸ਼ਾਂ ਦੇ ਮੁਖੀ ਸ਼ਾਮਲ ਹੋਏ ਸਨ। ਪੁਲਸ ਦੇ ਬੁਲਾਰੇ ਡੋਮੀਨਿਕ ਕਾਕਸ ਦਾ ਕਹਿਣਾ ਹੈ ਕਿ ਫੌਜੀਆਂ ਤੇ ਪੁਲਸ ਮੁਲਾਜ਼ਮਾਂ ਵੱਲੋਂ ਕੀਤੀ ਭੰਨਤੋੜ 'ਚ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਐਲਨ ਬਰਡ ਨੇ ਕਿਹਾ ਕਿ ਉਹ ਪਾਰਲੀਮੈਂਟ 'ਚ ਦਾਖਲ ਹੋਏ ਤੇ ਸਭ ਕੁਝ ਭੰਨਤੋੜ ਦਿੱਤਾ। ਉਹ ਭ੍ਰਿਸ਼ਟ ਸਰਕਾਰ ਤੋਂ ਆਪਣਾ ਬਕਾਇਆ ਮੰਗ ਰਹੇ ਸਨ। ਇਕ ਹੋਰ ਐਮ ਪੀ ਬ੍ਰਾਇਨ ਕ੍ਰੇਮਰ ਨੇ ਫੇਸਬੁੱਕ 'ਤੇ ਇਸ ਹਮਲੇ ਦੇ ਕੁਝ ਫੁਟੇਜ ਪੋਸਟ ਕੀਤੇ। ਇਕ ਚਸ਼ਮਦੀਦ ਨੇ ਦੱਸਿਆ ਕਿ ਸੈਂਕੜੇ ਪੁਲਸ ਮੁਲਾਜ਼ਮਾਂ ਤੇ ਫੌਜੀਆਂ ਨੇ ਸੰਸਦ ਦੇ ਆਸਪਾਸ ਦੀਆਂ ਸੜਕਾਂ ਨੂੰ ਵੀ ਜਾਮ ਕਰ ਦਿੱਤਾ।

Honesty, Reliability, Commitment
HOMELIFE SILVERCITY
"Open House Until Sold"
Hira Randhawa
Broker
○ 1 yr Home Warranty ○ Get 40% Discount on Brand Name
○ Furniture & Home Appliances ○ Free Evaluation & Lowest Commission
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Brake & Drum - On Special Sale! -Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪੰਜਾਬੀ ਸੱਭਿਆਚਾਰ ਮੰਚ ਵੱਲੋਂ ਪੰਜਾਬੀ ਦੇ ਸਾਹਿਤਕਾਰਾਂ ਦਾ ਸਨਮਾਨ







(ਬਰੈਂਪਟਨ/ ਬਾਸੀ ਹਰਚੰਦ) ਪਿਛਲੇ ਦਿਨੀਂ ਪੰਜਾਬੀ ਸੱਭਿਆਚਾਰ ਮੰਚ ਨੇ ਪੰਜਾਬੀ ਬੋਲੀ ਦੀ ਸਾਹਿਤ ਦੇ ਖੇਤਰ ਵਿੱਚ ਸਾਹਿਤ ਦੇ ਵੱਖ ਵੱਖ ਪਹਿਲੂਆਂ ਤੇ ਵਡਮੁਲੀ ਸੇਵਾ ਕਰਨ ਵਾਲੇ ਤਿੰਨ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਡਾ: ਵਰਿਆਮ ਸਿੰਘ, ਬਲਦੇਵ ਸਿੰਘ ਸਹਿਦੇਵ,ਪ੍ਰਿੰਸੀਪਲ ਸਰਬਣ ਸਿੰਘ , ਪੂਰਨ ਸਿੰਘ ਪਾਂਧੀ ਅਤੇ ਪ੍ਰਿੰਸੀਪਲ ਸੰਝੀਵ ਧਵਨ ਨੇ ਕੀਤੀ। ਪ੍ਰੋਗਰਾਮ ਦੇਸ਼ੁਰੂ ਵਿੱਚ ਪੰਜਾਬੀ ਸਾਹਿਤਕਾਰ ਸੁਰਿੰਦਰ ਸਿੰਘ ਪਾਮਾ ਨੇ ਪ੍ਰਸਿੱਧ ਕਹਾਣੀਕਾਰ ਡਾ: ਵਰਿਆਮ ਸਿੰਘ ਸੰਧੂ ਨੂੰ ਉਹਨਾਂ ਦੀਆਂ ਪੰਜਾਬੀ ਸਾਹਿਤ ਪ੍ਰਤੀ ਬਹੁਤ ਹੀ ਵਡਮੁਲੀਆਂ ਸੇਵਾਵਾਂ ਲਈ ਇੱਕ ਲੋਈ ਅਤੇ ਪਲੈਕ ਦੇ ਕੇ ਸਨਮਾਨਿਤ ਕੀਤਾ। ਸੇਵਾਵਾਂ ਜਿਹੜੇ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਗਿਆ ਉਹਨਾਂ ਦੇ ਨਾਮ ਇਸ ਪਰਕਾਰ ਹਨ। ਬੀਬੀ ਸੁਰਜੀਤ ਕੌਰ ਜੋ ਬਰੈਂਪਟਨ (ਕਨੇਡਾ) ਨਿਵਾਸੀ ਹੈ। ਉਸ ਨੇ ਕਵਿਤਾ ਦੇ ਖੇਤਰ ਵਿੱਚ ਚੰਗਾ ਨਾਮਨਾ ਕੱਟਿਆ ਹੈ। ਬਰੇਂਪਟਨ ਦੀਆਂ ਸਾਰੀਆਂ ਸਾਹਿਤ ਸਭਾਵਾਂ ਵਿਚ ਉਸ ਦਾ ਨਾਂ ਆਦਰ ਨਾਲ ਲਿਆ ਜਾਂਦਾ ਹੈ ਉਸ ਨੇ ਖੁੱਲੀ ਕਵਿਤਾ ਦੀਆਂ ਕਈ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਉਘੇ ਸਾਹਿਤਕਾਰ ਪੂਰਨ ਸਿੰਘ ਪਾਂਧੀ ਨੇ ਬੀਬੀ ਸੁਰਜੀਤ ਕੌਰ ਦੀ ਕਵਿਤਾ ਬਾਰੇ ਬੋਲਦਿਆਂ ਕਿਹਾ ਕਿ ਉਸ ਦੀਆਂ ਕਵਿਤਾਵਾਂ ਵਿੱਚ ਵਿਸਮਾਦੀ ਸੁਰ ਪਾਠਕ ਨੂੰ ਰੂਹਨੀ ਮੰਡਲਾਂ ਦੀ ਸੈਰ ਕਰਾ ਦਿੰਦਾ ਹੈ। ਬੀਬੀ ਸੁਰਜੀਤ ਕੌਰ ਨੂੰ ਸ਼ੌਲ ਅਤੇ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।

ਦੋ ਸਾਹਿਤਕਾਰ ਅਮਰ ਸੂਫੀ ਅਤੇ ਬਹਾਦਰ ਸਿੰਘ ਡਾਲਵੀ ਪੰਜਾਬ ਤੋਂ ਕਨੇਡਾ ਦੀ ਫੇਰੀ ਤੇ ਆਏ ਹਨ। ਪੰਜਬੀ ਸੱਭਿਆਚਾਰ ਮੰਚ ਨੇ ਫੈਸਲਾ ਕੀਤਾ ਕਿ ਸਥਾਨਕ ਸਾਹਿਤਕਾਰਾਂ ਦੇ ਨਾਲ ਪੰਜਾਬ ਤੋਂ ਆਏ ਸਾਹਿਤਕਾਰਾਂ ਦਾ ਮਾਨ ਕੀਤਾ ਜਾਏ ਅਤੇ ਉਹਨਾਂ ਦੀਆਂ ਸਾਹਿਤ ਦੇ ਖੇਤਰ ਵਿੱਚ ਸੇਵਾਵਾਂ ਲਈ ਸਨਮਾਨਿਤ ਕੀਤਾ ਜਾਏ।ਪੰਜਾਬੀ ਸੱਭਿਆਚਾਰ ਮੰਚ ਨੇ ਪਿਛਲੇ ਸਾਲ ਤੋਂ ਦੋ ਉਘੇ ਪੰਜਾਬੀ ਸਾਹਿਤਕਾਰਾਂ ਦੇ ਨਾਮ ਤੇ ਸਨਮਾਨਿਤ ਕਰਨ ਲਈ ਅਵਾਰਡ ਦੀ ਸ਼ੁਰੂਆਤ ਕੀਤੀ ਹੈ। ਜੋ ਉਘੇ ਕਹਾਣੀਕਾਰ ਡਾ: ਵਰਿਆ ਸਿੰਘ ਸੰਧੂ ਅਤੇ ਇਨਕਲਾਬੀ ਕਵੀ ਸੰਤਰਾਮ ਉਦਾਸੀ ਦੇ ਨਾਂ ਤੇ ਅਵਾਰਡ ਰੱਖਿਆ ਗਿਆ ਹੈ। ਇਸ ਵਾਰ ਡਾਕਟਰ ਵਰਿਆਮ ਸਿੰਘ ਸੰਧੂ ਅਵਾਰਡ ਨਾਲ ਅਮਰ ਸੂਫੀ ਅਤੇ ਸੰਤ ਰਾਮ ਉਦਾਸੀ ਅਵਾਰਡ ਪ੍ਰਿੰਸੀਪਲ ਬਹਾਦਰ ਸਿੰਘ ਡਾਲਵੀ ਨੂੰ ਇੱਕ ਇੱਕ ਲੋਈ ਅਤੇ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਦੋਹਾਂ ਸਾਹਿਤਕਾਰਾਂ ਬਾਰੇ ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵ ਨੇ ਸੰਖੇਪ ਜਾਣਕਾਰੀ ਕਰਾਈ ਅਤੇ ਬਾਅਦ ਵਿੱਚ ਉਹਨਾਂ ਦੋਹਾਂ ਨੇ ਆਪਣੇ ਵੱਲੋਂ ਸਾਹਿਤ ਦੇ ਖੇਤਰ ਵਿੱਚ ਕੀਤੇ ਕੰਮਾਂ ਲਈ ਵਿਸਥਾਰ ਵਿੱਚ ਦੱਸਿਆ। ਡਾ: ਵਰਿਆਮ ਸਿੰਘ ਸੰਧੂ ਨੇ ਉਹਨਾਂ ਨੂੰ ਸਨਮਾਨਿਤ ਕਰਨ ਲਈ ਪੰਜਾਬੀ ਸੱਭਿਆਚਾਰ ਮੰਚ ਦੀ ਸ਼ਲਾਘ ਕੀਤੀ ਅਤੇ ਤਿੰਨਾਂ ਸਾਹਿਤਕਾਰਾਂ ਨੂੰ ਉਹਨਾਂ ਦੀ ਸੇਵਾਵਾਂ ਨੂੰ ਚੰਗਾ ਉਦਮ ਦੱਸਿਆ।

ਇਸ ਭਰੇ ਸਮਾਗਮ ਵਿੱਚ ਗੁਰੂ ਤੇਗ ਬਹਾਦਰ ਖਾਲਸ ਸਕੂਲ ਦੇ ਪ੍ਰਿੰਸੀਪਲ ਸੰਜੀਵ ਧਵਨ ਨੂੰ ਉਹਨਾਂ ਦੀਆਂ ਸਿਖਿਆ ਦੇ ਖੇਤਰ ਵਿੱਚ ਵਡਮੁਲੀਆਂ ਸੇਵਾਂ ਲਈ ਪਲੈਕ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ। ਉਹਨਾਂ ਨੇ ਕਿਹਾ ਕਿ ਉਹਨਾਂ ਦੀ ਸਹਿਯੋਗੀ ਬੀਬੀ ਅੰਮਿਰਤ ਨੂੰ ਸਕੂਲ ਸਫਲਤਾ ਨਾਲ ਚਲਾਉਣ ਦਾ ਸਿਹਰਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਸਨਮਾਨ ਬੀਬੀ ਅਮਿੰਰਤ ਦਾ ਹੈ। ਇਸ ਤੇ ਹਾਜਰੀਨ ਨੇ ਤਾੜੀਆਂ ਮਾਰ ਕੇ ਦਾਤ ਦਿਤੀ।

# ਵਲਿੰਗਟਨ ਨੇੜੇ ਖੰਡਾਲਾ ਉਪ ਨਗਰ ਵਿਖੇ ਲਾਪਤਾ 26 ਸਾਲਾ ਗਰਭਵਤੀ ਭਾਰਤੀ ਮਹਿਲਾ ਦੀ ਲਾਸ਼ ਮਿਲੀ

## ਸਕੈਨਿਗ ਬਾਅਦ ਕੁੜੀ ਪੈਦਾ ਹੋਣ ਦੇ ਡਰ ਤੋਂ ਪ੍ਰੇਸ਼ਾਨ ਸੀ ਤੇ ਚਾਰ ਦਿਨ ਤੋਂ ਸੀ ਲਾਪਤਾ



ਆਕਲੈਂਡ 21 ਨਵੰਬਰ (ਹਰਜਿੰਦਰ ਸਿੰਘ ਬਸਿਆਲਾ)- ਵਲਿੰਗਟਨ ਨੇੜੇ ਖੰਡਾਲਾ ਨਾਂਅ ਦੇ ਉਪਨਗਰ ਵਿਚ ਕੈਸ਼ਮੀਰ ਐਵਨਿਊ ਵਿਖੇ ਰਹਿੰਦੀ ਇਕ 26 ਸਾਲਾ ਭਾਰਤੀ ਮਹਿਲਾ ਸੋਨਮ ਸ਼ੈਲਰ (ਮੁੰਬਈ) ਦੀ ਅੱਜ ਪੁਲਿਸ ਨੂੰ ਵਾਇਰਾਰਾਪਾ ਬੀਚ ਤੋਂ ਲਾਸ਼ ਪ੍ਰਾਪਤ ਹੋਈ ਹੈ। ਉਸਦੇ ਪਤੀ ਸਾਗਰ ਸ਼ੈਲਰ ਨੇ ਸ਼ਨੀਵਾਰ ਨੂੰ ਪੁਲਿਸ ਨੂੰ ਸੂਚਿਤ ਕੀਤਾ ਸੀ ਕਿ ਉਹ ਆਪਣੀ ਪਤਨੀ ਨੂੰ ਸਵੇਰੇ 8.30 ਵਜੇ ਕੰਮ 'ਤੇ ਜਾਣ ਵੇਲੇ ਘਰ ਛੱਡ ਕੇ ਗਿਆ ਸੀ, ਦਿਨ ਵੇਲੇ ਉਸਨੇ ਜਦੋਂ ਉਸਨੂੰ ਫੋਨ ਕੀਤਾ ਸੀ ਤਾਂ ਫੋਨ ਬੰਦ ਆ ਰਿਹਾ ਸੀ। ਇਸ ਤੋਂ ਬਾਅਦ ਉਸਨੇ ਜਦੋਂ ਘਰ ਆ ਕੇ ਵੇਖਿਆ ਤਾਂ ਉਸਦੀ ਪਤਨੀ ਘਰੋਂ ਲਾਪਤਾ ਸੀ। ਪਤੀ ਅਨੁਸਾਰ ਉਹ ਸਿਰਫ 20 ਡਾਲਰ ਹੀ ਲੈ ਕੇ ਗਈ ਹੋਵੇਗੀ ਅਤੇ ਦੋ ਫੋਨ ਉਸਦੇ ਕੋਲ ਹੋਣਗੇ। ਪੁਲਿਸ ਨੂੰ ਉਸਦੀ ਗੁੰਮਸ਼ੁਦਗੀ ਬਾਰੇ ਦੱਸਿਆ ਗਿਆ ਕਿ ਉਹ ਇਸ ਗੱਲ ਤੋਂ ਪ੍ਰੇਸ਼ਾਨ ਸੀ ਕਿ ਉਸਦੇ ਹੋਣ ਵਾਲਾ ਬੱਚਾ ਮੁੰਡਾ ਨਹੀਂ ਹੈ ਜਦ ਕਿ 15 ਨਵੰਬਰ ਨੂੰ ਹੀ ਕਰਵਾਈ ਅਲਟ੍ਰਾਸਾਊਂਡ ਸਕੈਨਿੰਗ ਦੇ ਵਿਚ ਅਜੇ ਡਾਕਟਰ ਵੱਲੋਂ ਸਪਸ਼ਟ ਵੀ ਨਹੀਂ ਕੀਤਾ ਗਿਆ ਸੀ। ਉਸਦੇ ਪਤੀ ਨੇ ਇਹ ਵੀ ਕਿਹਾ ਕਿ ਸਕੈਨਿਗ ਤੋਂ ਬਾਅਦ ਉਹ ਕਾਰ ਦੇ ਵਿਚ ਆ ਕੇ ਰੋਣ ਲੱਗ ਪਈ ਸੀ। ਇਹ ਮਹਿਲਾ 5 ਮਹੀਨਿਆਂ ਦੀ ਗਰਭਵਤੀ ਸੀ। ਪਤੀ ਨੇ ਪੁਲਿਸ ਨੂੰ ਜਾਣਕਾਰੀ ਦੱਸੀ ਸੀ ਕਿ ਉਸਦੀ ਪਤਨੀ ਦਾ ਸੁਪਨਾ ਸੀ ਕਿ ਉਸਦੇ ਹੋਣ ਵਾਲਾ ਬੱਚਾ ਸਿਰਫ ਮੁੰਡਾ ਹੀ ਹੋਵੇ। ਦਸੰਬਰ ਮਹੀਨੇ ਹੀ ਇਸਦਾ ਵਿਆਹ ਹੋਇਆ ਸੀ ਅਤੇ ਅਪ੍ਰੈਲ ਮਹੀਨੇ ਉਹ ਇੰਡੀਆ ਤੋਂ ਇਥੇ ਆਈ ਸੀ। ਪੁਲਿਸ ਨੇ ਲਾਸ਼ ਪ੍ਰਾਪਤ ਕਰਕੇ ਪੋਸਟ ਮਾਰਟਮ ਲਈ ਭੇਜ ਦਿੱਤੀ ਹੈ ਅਤੇ ਉਸਦੇ ਪਤੀ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

**Machine Operators Required**

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟੀਆਂ ਵਾਲਾ ਪੱਕਾ ਕੰਮ

**Duties & Responsibilities**

- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour

To apply send resume to aisha@wemovepeople.co

**A/Z DRIVERS/OWNER OPERATORS NEEDED FOR LOCAL & USA**

**Earn upto $21 to $32/hr**

- USA owner operators 0.95 cent/mile + Fuel
- USA company drivers 0.60 cent/ mile
- Canada owner Operators 0.85 cent/mile + Fuel
- Canada company Drivers 0.50 cent.mile

Skylark Logistics Inc.



Sam Mann: 416-617-2405
Mr. Kyla: 519-821-7999 ext.222




**Matrimonial**

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ । ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੋਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ।
ਵਧੇਰੀ ਜਾਣਕਾਰੀ ਲਈ 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਓਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



{ YOUR AD HERE }
Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

7 Days Work · All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਲੇਆ

# ਗੁਰਦੁਆਰਾ ਸਿੱਖ ਸਪਿਰਚੂਅਲ ਸੈਂਟਰ ਟੋਰਾਂਟੋ, ਰੈਕਸਡੇਲ

## ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

ਮਨੁੱਖਤਾ ਦੇ ਰਹਿਬਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸਾਹਿਬ
ਵਿਖੇ ਬੜੇ ਪ੍ਰੇਮ, ਸ਼ਰਧਾ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ

Firework
23 ਨਵੰਬਰ
ਸ਼ਾਮ: 8:45

ਨਾਮ ਸਿਮਰਨ:
7 ਤੋਂ 8 ਹਰ
ਸ਼ੁਕਰਵਾਰ

ਪ੍ਰੋਗਰਾਮ:
ਅਰੰਭ ਸ੍ਰੀ ਅਖੰਡ ਪਾਠ: 21 ਨਵੰਬਰ, ਦਿਨ ਬੁੱਧਵਾਰ ਸਵੇਰੇ: 9 ਵਜੇ
ਭੋਗ ਸ੍ਰੀ ਅਖੰਡ ਪਾਠ: 23 ਨਵੰਬਰ ਦਿਨ ਸ਼ੁਕਰਵਾਰ ਸਵੇਰੇ 10 ਵਜੇ
ਉਪਰੰਤ ਸਾਰਾ ਦਿਨ ਰਾਤ 10 ਵਜੇ ਤੱਕ ਕੀਰਤਨ, ਕਥਾ, ਢਾਡੀ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਗੁਰਬਾਣੀ ਗੁਰ ਇਤਿਹਾਸ ਨਾਲ ਜੋੜਣਗੇ

ਨਿਸ਼ਾਨ ਸਾਹਿਬ ਸੇਵਾ: 23 ਨਵੰਬਰ, 2018
ਨਵੰਬਰ 21 ਤੋਂ 23 ਨਵੰਬਰ ਤੱਕ ਦੇ ਸਾਰੇ ਪ੍ਰੋਗਰਾਮ ਟੀ ਵੀ ਚੈਨਲ PTN 24 ਤੇ ਦਿਖਾਏ ਜਾਣਗੇ ਅਤੇ ਇੰਡੀਆ ਵਿਚ ਚੜਦੀ ਕਲਾ ਅਤੇ ਹੋਰ ਕਈ ਚੈਨਲਾਂ ਤੇ ਵੀ ਲਾਈਵ ਦਿਖਾਇਆ ਜਾਵੇਗਾ
ਗੁਰੂ ਘਰ ਦੀ ਇਮਾਰਤ ਨੂੰ ਸੁੰਦਰ ਅਤੇ ਉੱਚੇ ਪਾਏਦਾਰ ਦੀ ਬਣਾਉਣ ਲਈ ਭਾਰੀ ਪੱਧਰ ਤੇ ਸੇਵਾ ਚੱਲ ਰਹੀ ਹੈ, ਮਾਇਆ ਰਾਹੀਂ ਸੇਵਾ ਕਰਕੇ, ਆਪਣੀ ਕਿਰਤ ਨੂੰ ਸਫਲਾ ਕਰੋ ਜੀ

ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ, 9 ਕੈਰੀਅਰ ਡਰਾਈਵ, ਫੋਨ: 416.746.6666



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



YOUR AD HERE
Check our Free E-paper at:
www.canadianpunjabipost.ca
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## ਨੈਨੀ ਦੀ ਜ਼ਰੂਰਤ
ਅਬਨੀਜ਼ਰ ਅਤੇ ਗੋਰ ਦੇ ਏਰੀਏ ਵਿਚ ਕੁਕਿੰਗ ਅਤੇ ਕਲੀਨਿੰਗ ਲਈ ਅਤੇ 2 ਬੱਚਿਆਂ ਦੀ ਸਾਂਭ ਸੰਭਾਲ ਲਈ ਜੋ ਕੇ 4 ਅਤੇ 5 ਸਾਲ ਦੇ ਹਨ, ਸਕੂਲ ਜਾਂਦੇ ਹਨ, ਲਈ ਨੈਨੀ ਦੀ ਜਰੂਰਤ ਹੈ। ਆਪਣਾ ਟਰਾਂਸਪੋਟੇਸ਼ਨ ਹੋਣਾ ਅਤੇ ਪੀ ਆਰ ਦਾ ਹੋਣਾ ਜ਼ਰੂਰੀ ਹੈ। ਕੰਮ ਸ਼ਾਮ ਨੂੰ 2:30 ਤੋਂ 7:30 ਤੱਕ ਸੋਮਵਾਰ ਤੋਂ ਸ਼ੁਕਰਵਾਰ ਤੱਕ ਹੋਵੇਗਾ। ਜ਼ਿਆਦਾ ਜਾਣਕਾਰੀ ਲਈ ਦਿੱਤੇ ਨੰ. 'ਤੇ ਸੰਪਰਕ ਕੀਤਾ ਜਾ ਸਕਦਾ ਹੈ।
416-648-2455

## AZ ਡਰਾਇਵਰਾਂ ਦੀ ਲੋੜ ਹੈ
"New Drivers are welcome"
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟਰੱਕ

ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

## City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ।
ਜਿਆਦਾ ਜਾਣਕਾਰੀ ਲਈ: 647-632-1742

## RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

## PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

## amar
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

## V4U LOGISTIC INC.
Delivering "Satisfaction"... On Time ...Every Time
# NOW HIRING
## A/Z Drivers Needed
For Canada To US Runs
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

## A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੁਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

## MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ:
416 839 0647, 905-598-4640

## GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## ਸੱਚ ਹੋਇਆ ਮੇਰਾ ਸੁਫਨਾ : ਮੌਨੀ ਰਾਏ



ਲਗਭਗ ਦਸ ਸਾਲ ਪਹਿਲਾਂ ਟੀ ਵੀ ਸ਼ੋਅ 'ਕਿਉਂਕਿ ਸਾਸ ਭੀ ਕਭੀ ਬਹੂ ਥੀ' ਨਾਲ ਐਕਟਿੰਗ ਦੀ ਦੁਨੀਆ ਵਿੱਚ ਕਦਮ ਰੱਖਣ ਵਾਲੀ ਮੌਨੀ ਰਾਏ ਦੇ ਹਿੱਸੇ ਵਿੱਚ 'ਦੇਵੋਂ ਕੇ ਦੇਵ ਮਹਾਦੇਵ' ਅਤੇ 'ਨਾਗਿਨ' ਵਰਗੇ ਸੁਪਰਹਿੱਟ ਸੀਰੀਅਲ ਰਹੇ ਹਨ। ਇਸ ਤੋਂ ਬਿਨਾ ਟੀ ਵੀ ਰਿਐਲਿਟੀ ਸ਼ੋਅ 'ਬਿਗ ਬੌਸ' ਅਤੇ ਡਾਂਸ ਰਿਐਲਿਟੀ ਸ਼ੋਅ 'ਝਲਕ ਦਿਖਲਾ ਜਾ' ਵਿੱਚ ਵੀ ਬਤੌਰ ਮੁਕਾਬਲੇਬਾਜ਼ ਸ਼ਾਮਲ ਹੋ ਚੁੱਕੀ ਹੈ, ਪਰ ਅੱਜ ਕੱਲ੍ਹ ਟੀ ਵੀ ਸ਼ੋਅ ਮੌਨੀ ਲਈ ਸੈਕੰਡਰੀ ਬਣ ਗਏ ਹਨ, ਕਿਉਂਕਿ ਉਸ ਨੂੰ ਵੱਡਾ ਪਰਦਾ ਰਾਸ ਆਉਣ ਲੱਗਾ ਹੈ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਕੁਝ ਅੰਸ਼ :

* ਅਕਸ਼ੈ ਕੁਮਾਰ ਦੇ ਆਪੋਜ਼ਿਟ ਫਿਲਮ 'ਗੋਲਡ' ਨਾਲ ਬਾਲੀਵੁੱਡ 'ਚ ਡੈਬਿਊ ਕਰਨ ਦਾ ਕਿੰਨਾ ਫਾਇਦਾ ਹੋਇਆ?

– ਬਹੁਤ ਫਾਇਦਾ ਹੋਇਆ, ਕਿਉਂਕਿ ਸਥਾਪਤ ਕਲਾਕਾਰ ਨਾਲ ਕੰਮ ਕਰਨ ਦੀ ਖੁਸ਼ਕਿਸਮਤੀ ਨਸੀਬ ਵਾਲੀ ਅਦਾਕਾਰਾ ਨੂੰ ਮਿਲਦੀ ਹੈ। ਉਂਝ ਵੀ ਅਕਸ਼ੈ ਅੱਜ ਸੁਪਰ ਸਟਾਰ ਹਨ, ਇਸ ਲਈ ਉਨ੍ਹਾਂ ਨਾਲ ਕੰਮ ਕਰ ਕੇ ਜਿੱਥੇ ਬਹੁਤ ਕੁਝ ਸਿੱਖਣ ਨੂੰ ਮਿਲਿਆ, ਉਥੇ ਫਿਲਮ ਨਗਰੀ ਨੇ ਵੀ ਮੈਨੂੰ ਕਾਫੀ ਸਪੋਰਟ ਕੀਤਾ।

* ਰਾਜ ਕੁਮਾਰ ਰਾਓ ਵਾਲੀ ਆਪਣੀ ਫਿਲਮ 'ਮੇਡ ਇਨ ਚਾਈਨਾ' ਬਾਰੇ ਕੁਝ ਦੱਸੋ?

–ਨਿਰਮਾਤਾ ਦਿਨੇਸ਼ ਵਿਜਾਨ ਦੀ ਮਿਖਿਲ ਮੁਸਾਲੇ ਦੇ ਨਿਰਦੇਸ਼ਨ 'ਚ ਬਣ ਰਹੀ ਫਿਲਮ 'ਮੇਡ ਇਨ ਚਾਈਨਾ' ਦੀ ਕਹਾਣੀ ਮਜ਼ੇਦਾਰ ਹੈ। ਇਸ ਵਿੱਚ ਰਾਜ ਕੁਮਾਰ ਰਾਓ ਇੱਕ ਗੁਜਰਾਤੀ ਬਿਜ਼ਨਸਮੈਨ ਦਾ ਕਿਰਦਾਰ ਕਰਦੇ ਨਜ਼ਰ ਆਉਣਗੇ, ਜਦ ਕਿ ਮੈਂ ਮੁੰਬਈ ਦੀ ਮੱਧ ਵਰਗੀ ਕੁੜੀ ਦੀ ਭੂਮਿਕਾ 'ਚ ਦਿਖਾਈ ਦਿਆਂਗੀ, ਜੋ ਡਾਂਸਿੰਗ ਦੀ ਦੀਵਾਨੀ ਹੈ।

* ਫਿਲਮ 'ਬ੍ਰਹਮਾਸਤਰ' ਦੀ ਕੀ ਪ੍ਰੋਗਰੈੱਸ ਹੈ ਅਤੇ ਇਸ ਵਿੱਚ ਤੁਸੀਂ ਕੀ ਕਰ ਰਹੇ ਹੋ?

– ਕਰਣ ਜੌਹਰ ਦੇ ਬੈਨਰ ਹੇਠ ਅਯਾਨ ਮੁਖਰਜੀ ਦੇ ਨਿਰਦੇਸ਼ਨ ਵਿੱਚ ਬਣ ਰਹੀ 'ਬ੍ਰਹਮਾਸਤਰ' ਦੀ ਸ਼ੂਟਿੰਗ ਆਪਣੇ ਆਖਰੀ ਪੜਾਅ ਵਿੱਚ ਹੈ। ਇਹ ਫਿਲਮ ਇੱਕ ਸੁਪਰ ਨੈਚੁਰਲ ਫਿਲਮ ਹੈ, ਜਿਸ ਵਿੱਚ ਰਣਬੀਰ ਤੇ ਆਲੀਆ ਲੀਡ ਕਪਲ ਹਨ, ਮੈਂ ਵਿਲੇਨ ਦੇ ਕਿਰਦਾਰ ਵਿੱਚ ਨਜ਼ਰ ਆਉਣ ਵਾਲੀ ਹਾਂ। ਇਸ ਫਿਲਮ ਦੀ ਕਹਾਣੀ ਅੱਜ ਦੇ ਭਾਰਤ 'ਤੇ ਆਧਾਰਤ ਹੈ। ਫਿਲਮ 'ਚ ਅਹਿਮ ਭੂਮਿਕਾ ਵਿੱਚ ਅਮਿਤਾਭ ਬੱਚਨ ਵੀ ਦਿਸਣਗੇ।

* ਦੂਜੀ ਹੀ ਫਿਲਮ ਵਿੱਚ ਸਦੀ ਦੇ ਮਹਾਨਾਇਕ ਅਮਿਤਾਭ ਬੱਚਨ ਨਾਲ ਕੰਮ ਕਰਨ ਬਾਰੇ ਕੀ ਕਹੋਗੇ?

–ਇਹੀ ਕਹਾਂਗੀ ਕਿ ਮਹਾਨਾਇਕ ਅਮਿਤਾਭ ਬੱਚਨ ਨਾਲ ਕੰਮ ਕਰਨਾ ਸੁਫਨਾ ਪੂਰਾ ਹੋਣ ਵਰਗਾ ਹੈ। ਉਨ੍ਹਾਂ ਨਾਲ ਕੰਮ ਕਰਨਾ ਇੱਕ ਅਲੌਕਿਕ ਸੁਫਨੇ ਵਰਗਾ ਹੈ। ਮੈਂ ਉਨ੍ਹਾਂ ਨੂੰ ਦੇਖਣ ਲਈ ਬਹੁਤ ਉਤਸ਼ਾਹਤ ਸੀ ਅਤੇ ਮੈਨੂੰ ਇਹ ਪਤਾ ਨਹੀਂ ਹੁੰਦਾ ਸੀ ਕਿ ਉਨ੍ਹਾਂ ਨਾਲ ਸ਼ੂਟ ਪੂਰਾ ਹੋਣ ਤੋਂ ਬਾਅਦ ਮੈਨੂੰ ਕੀ ਕਰਨਾ ਚਾਹੀਦਾ ਸੀ। ਮੈਂ ਉਨ੍ਹਾਂ ਨਾਲ ਕੰਮ ਕਰਨ ਤੋਂ ਬਾਅਦ ਖੁਸ਼ੀ ਨਾਲ ਮਰ ਵੀ ਸਕਦੀ ਹਾਂ। ਪੱਛਮੀ ਬੰਗਾਲ ਦੇ ਕੂਚ ਬਿਹਾਰ ਤੋਂ ਆਈ ਕੁੜੀ ਨੂੰ ਕਦੇ ਦੇ ਮਹਾਨਾਇਕ ਨਾਲ ਕੰਮ ਦਾ ਮੌਕਾ ਮਿਲੇਗਾ, ਇਹ ਮੈਂ ਕਦੇ ਸੁਫਨੇ 'ਚ ਵੀ ਨਹੀਂ ਸੋਚਿਆ ਸੀ।

* ਫਿਲਮ ਨਾਲ ਵੈੱਬ ਸੀਰੀਜ਼ 'ਚ ਕੰਮ ਕਰਨ ਦਾ ਕੀ ਕਾਰਨ ਹੈ?

– ਇਹੀ ਕਿ ਇਸ ਵੈੱਬ ਸੀਰੀਜ਼ 'ਮੇਹਰੁਨਿਸਾ' ਦਾ ਨਿਰਮਾਣ ਏਕਤਾ ਕਪੂਰ ਨੇ ਕੀਤਾ ਹੈ, ਜਿਨ੍ਹਾਂ ਕਾਰਨ ਅੱਜ ਮੈਂ ਤੁਹਾਡੇ ਸਾਰਿਆਂ ਵਿੱਚ ਹਾਂ। ਏਕਤਾ ਕਪੂਰ ਨੇ ਜਦੋਂ ਮੈਨੂੰ ਇਸ ਦਾ ਆਫਰ ਦਿੱਤਾ ਤਾਂ ਉਨ੍ਹਾਂ ਨੂੰ ਨਾਂਹ ਕਰਨ ਦਾ ਸਵਾਲ ਹੀ ਨਹੀਂ ਸੀ, ਕਿਉਂਕਿ ਉਨ੍ਹਾਂ ਦਾ ਮੇਰੇ 'ਤੇ ਬਹੁਤ ਅਹਿਸਾਨ ਹੈ।

## ਡਰ ਦਾ ਸਾਹਮਣਾ ਕਰੋ : ਵਾਣੀ ਕਪੂਰ

ਯਸ਼ਰਾਜ ਫਿਲਮਜ਼ ਦੀ ਫਿਲਮ 'ਸ਼ੁੱਧ ਦੇਸੀ ਰੋਮਾਂਸ' ਨਾਲ ਐਕਟਿੰਗ ਕਰੀਅਰ ਸ਼ੁਰੂ ਕਰਨ ਵਾਲੀ ਦਿੱਲੀ ਦੀ ਵਾਣੀ ਕਪੂਰ ਦੀ ਦੂਜੀ ਫਿਲਮ 'ਬੇਫਿਕਰੇ' ਇੱਕ ਲੰਬੇ ਗੈਪ ਤੋਂ ਬਾਅਦ ਰਿਲੀਜ਼ ਹੋਈ, ਪਰ ਕੁਝ ਖਾਸ ਕਮਾਲ ਨਹੀਂ ਕਰ ਸਕੀ। ਇਸ ਦੇ ਬਾਵਜੂਦ ਪਹਿਲੀ ਫਿਲਮ ਵਿੱਚ ਸੁਸ਼ਾਂਤ ਸਿੰਘ ਰਾਜਪੂਤ ਤੇ ਦੂਜੀ ਵਿੱਚ ਰਣਵੀਰ ਸਿੰਘ ਤੇ ਅੱਗੇ ਆ ਰਹੀਆਂ ਫਿਲਮਾਂ ਵਿੱਚ ਰਣਬੀਰ ਕਪੂਰ ਤੇ ਰਿਤਿਕ ਰੋਸ਼ਨ ਵਰਗੇ ਸਟਾਰਸ ਦੀ ਹੀਰੋਇਨ ਬਣਨ ਵਾਲੀ ਵਾਣੀ ਕੁਝ ਜ਼ਿਆਦਾ ਹੀ ਉਤਸ਼ਾਹਤ ਹੈ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਕੁਝ ਅੰਸ਼ :

* ਤੁਹਾਡੀਆਂ ਦੋ ਫਿਲਮਾਂ ਆ ਚੁੱਕੀਆਂ ਹਨ। ਬਾਲੀਵੁੱਡ ਵਿੱਚ ਅੱਜ ਤੱਕ ਕੀ ਹਾਸਲ ਕੀਤਾ?

– ਹਾਲੇ ਮੈਂ ਉਸ ਪੱਧਰ 'ਤੇ ਨਹੀਂ ਪਹੁੰਚੀ, ਜਿੱਥੇ ਮੈਂ ਕਹਿ ਸਕਾਂ ਕਿ ਮੈਂ ਬਾਲੀਵੁੱਡ 'ਚ ਵੱਡਾ ਮੁਕਾਮ ਹਾਸਲ ਕਰ ਲਿਆ। ਸਮਝ ਲਓ ਕਿ ਹਾਲੇ ਮੈਂ ਬਾਲੀਵੁੱਡ ਵਿੱਚ ਕੋਈ ਮੁਕਾਮ ਹਾਸਲ ਨਹੀਂ ਕੀਤਾ, ਪਰ ਤੁਹਾਨੂੰ ਦੱਸ ਦੇਵਾਂ ਕਿ ਇੱਕ ਨਾ ਇੱਕ ਦਿਨ ਫਿਲਮ ਨਗਰੀ 'ਚ ਮੈਂ ਵੱਡਾ ਮੁਕਾਮ ਹਾਸਲ ਕਰਾਂਗੀ ਭਾਵੇਂ ਕਿਸੇ ਵੀ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਕਿਉਂ ਨਾ ਆਉਣ।

* ਮਤਲਬ ਅਸਫਲਤਾਵਾਂ ਦੇ ਬਾਵਜੂਦ ਤੁਹਾਡੇ ਹੌਸਲੇ ਬੁਲੰਦ ਹਨ?

–ਬਿਲਕੁਲ ਕਿਉਂਕਿ ਤੁਹਾਡੀ ਜ਼ਿੰਦਗੀ 'ਚ ਕਈ ਅਜਿਹੇ ਪਲ ਆਉਂਦੇ ਹਨ, ਜਦੋਂ ਤੁਸੀਂ ਉਦਾਸ ਹੁੰਦੇ ਹੋ ਅਤੇ ਰੋਣ ਲੱਗ ਜਾਂਦੇ ਹੋ। ਉਦੋਂ ਤੁਸੀਂ ਸੋਚਦੇ ਹੋ ਕਿ ਮੇਰੇ ਨਾਲ ਹੀ ਇਹ ਸਾਰੀਆਂ ਚੀਜ਼ਾਂ ਕਿਉਂ ਹੁੰਦੀਆਂ ਹਨ, ਪਰ ਅਸੀਂ ਭੁੱਲ ਜਾਂਦੇ ਹਾਂ ਕਿ ਅਸੀਂ ਸਿਰਫ ਇਨਸਾਨ ਹਾਂ। ਅਜਿਹੀ ਹਾਲਤ 'ਚ ਸਾਨੂੰ ਆਪਣੇ ਡਰ ਦਾ ਸਾਹਮਣਾ ਕਰਨਾ ਚਾਹੀਦਾ ਹੈ, ਨਾ ਕਿ ਉਸ ਤੋਂ ਭੱਜਣਾ ਚਾਹੀਦਾ ਹੈ, ਕਿਉਂਕਿ ਸਿਰਫ ਅਸੀਂ ਹੀ ਉਹ ਇਨਸਾਨ ਹਾਂ, ਜੋ ਉਸ ਪ੍ਰੇਸ਼ਾਨੀ ਵਿੱਚੋਂ ਖੁਦ ਨੂੰ ਕੱਢ ਸਕਦੇ ਹਾਂ ਅਤੇ ਜੇ ਤੁਸੀਂ ਇਹ ਨਹੀਂ ਕਰਦੇ ਤਾਂ ਤੁਹਾਡੇ ਲਈ ਇਹ ਕੋਈ ਹੋਰ ਨਹੀਂ ਕਰੇਗਾ।

* ਅੱਜ ਤੱਕ ਦੀਆਂ ਫਿਲਮਾਂ ਤੋਂ ਤੁਸੀਂ ਕੀ ਕੁਝ ਸਿਖਿਆ?

– ਮੇਰਾ ਮੰਨਣਾ ਹੈ ਕਿ ਤੁਸੀਂ ਆਪਣੇ ਹਰ ਪ੍ਰੋਜੈਕਟ ਤੋਂ ਕੁਝ ਨਾ ਕੁਝ ਸਿੱਖਦੇ ਹੋ, ਕਿਉਂਕਿ ਤੁਸੀਂ ਉਸ ਦਾ ਅਹਿਮ ਹਿੱਸਾ ਹੁੰਦੇ ਹੋ। ਹਰ ਨਵੇਂ ਪ੍ਰੋਜੈਕਟ ਦੀ ਨਵੀਂ ਟੀਮ ਹੁੰਦੀ ਹੈ, ਜਿਸ ਤੋਂ ਤੁਹਾਨੂੰ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ, ਜਿਸ ਨੂੰ ਤੁਸੀਂ ਪਹਿਲਾਂ ਨਹੀਂ ਸਿਖਿਆ ਅਤੇ ਨਹੀਂ ਕੀਤਾ।



* ਸੁਸ਼ਾਂਤ ਸਿੰਘ ਰਾਜਪੂਤ ਤੋਂ ਬਾਅਦ ਰਣਵੀਰ ਸਿੰਘ ਤੇ ਫਿਰ ਰਣਬੀਰ ਕਪੂਰ ਦੀ ਹੀਰੋਇਨ ਬਣ ਗਏ ਹੋ। ਕੀ ਕਹੋਗੇ?

–ਬੱਸ ਇਹੀ ਕਹਾਂਗੀ ਕਿ ਪਾਵਰ ਹਾਊਸ ਆਫ ਟੈਲੇਂਟ ਮਤਲਬ ਰਣਬੀਰ ਕਪੂਰ ਨਾਲ ਕੰਮ ਕਰਨਾ ਵੀ ਸ਼ਾਨਦਾਰ ਹੋਵੇਗਾ ਕਲਾਕਾਰ ਦੇ ਤੌਰ 'ਤੇ ਰਣਬੀਰ ਕਪੂਰ ਅਜਿਹੇ ਇਨਸਾਨ ਹਨ, ਜਿਨ੍ਹਾਂ ਦੀ ਮੈਂ ਪ੍ਰਸ਼ੰਸਕ ਹਾਂ ਅਤੇ ਜਿਨ੍ਹਾਂ ਦੀਆਂ ਫਿਲਮਾਂ ਦੇਖਣਾ ਮੈਨੂੰ ਹਮੇਸ਼ਾ ਤੋਂ ਪਸੰਦ ਰਿਹਾ ਹੈ।

* ਇਸ ਦੇ ਨਾਲ ਤੁਸੀਂ ਕਰਣ ਜੌਹਰ ਦੇ ਬੈਨਰ ਦੀ ਹੀਰੋਇਨ ਵੀ ਬਣ ਗਏ?

– ਜੀ ਹਾਂ, ਮੇਰੇ ਲਈ ਇਹ ਮਾਣ ਦੀ ਗੱਲ ਹੈ ਕਿ ਕਰਣ ਜੌਹਰ ਵਰਗੇ ਫਿਲਮਕਾਰ ਨੇ ਮੇਰੇ ਵਿੱਚ ਇਸ ਕਿਰਦ-ਾਰ ਦੀ ਸਮਰੱਥਾ ਦੇਖੀ। 'ਸ਼ਮਸ਼ੇਰ' ਮੇਰੇ ਲਈ ਇੱਕ ਡਰੀਮ ਪ੍ਰੋਜੈਕਟ ਹੈ। ਮੈਨੂੰ ਇਹ ਮੌਕਾ ਮਿਲਿਆ ਅਤੇ ਇਸ ਤਰ੍ਹਾਂ ਦੀ ਵੱਖਰੀ ਅਤੇ ਦਿਲਚਸਪ ਭੂਮਿਕਾ ਮਿਲੀ।

* ਰਿਤਿਕ ਰੋਸ਼ਨ ਅਤੇ ਟਾਈਗਰ ਸ਼ਰਾਫ ਨਾਲ ਵੀ ਤੁਸੀਂ ਕੋਈ ਫਿਲਮ ਕਰ ਰਹੇ ਹੋ?

–ਰਿਤਿਕ ਤੇ ਟਾਈਗਰ ਦੀ ਫਿਲਮ ਵਿੱਚ ਮੈਨੂੰ ਕਾਸਟ ਕੀਤਾ ਗਿਆ ਹੈ। ਇਹ ਐਕਸ਼ਨ ਫਿਲਮ ਹੈ, ਜਿਸ ਵਿੱਚ ਮੇਰਾ ਕਿਰਦਾਰ ਚੁਣੌਤੀ ਪੂਰਨ ਦੇ ਨਾਲ ਰੋਮਾਂਚਕਾਰੀ ਹੈ। ਫਿਲਮ ਦੇ ਨਾਂਅ ਦਾ ਐਲਾਨ ਅਜੇ ਨਹੀਂ ਹੋਇਆ। ਯਸ਼ਰਾਜ ਫਿਲਮਜ਼ ਦੇ ਬੈਨਰ ਹੇਠ ਇਹ ਮੇਰੀ ਤੀਜੀ ਫਿਲਮ ਹੋਵੇਗੀ। ਇਸ ਵਿੱਚ ਮੈਂ ਰਿਤਿਕ ਨਾਲ ਰੋਮਾਂਸ ਕਰਦੀ ਨਜ਼ਰ ਆਵਾਂਗੀ। ਅਜੇ ਮੈਂ ਆਪਣੇ ਕਿਰਦਾਰ ਬਾਰੇ ਨਹੀਂ ਦੱਸ ਸਕਦੀ, ਪਰ ਇਹ ਮੇਰੇ ਲਈ ਕਾਫੀ ਨਵਾਂ, ਚੁਣੌਤੀਪੂਰਨ ਅਤੇ ਰੋਮਾਂਚਕ ਹੋਵੇਗਾ।

## ਐਤਕੀਂ ਕਿਸ ਉਤੇ ਫਿਦਾ ਹੋਏ ਸਿਧਾਰਥ



ਕੁਝ ਦਿਨ ਪਹਿਲਾਂ ਤੱਕ ਸਿਧਾਰਥ ਮਲਹੋਤਰਾ ਦਾ ਅਫੇਅਰ ਆਲੀਆ ਭੱਟ ਨਾਲ ਮੰਨਿਆ ਜਾਂਦਾ ਸੀ। ਇਥੋਂ ਤੱਕ ਕਿ ਉਨ੍ਹਾਂ ਦੇ ਕਰੀਬੀ ਦੋਸਤ ਵਰੁਣ ਧਵਨ ਵੀ ਇੱਕ ਦੋ ਵਾਰ ਆਲੀਆ ਨੂੰ ਭਾਬੀ ਕਹਿ ਕੇ ਖਿਚਾਈ ਕਰ ਚੁੱਕੇ ਹਨ। ਕਿਹਾ ਜਾਂਦਾ ਹੈ ਕਿ ਕਰਣ ਜੌਹਰ ਦੀ ਕੰਪਨੀ ਵਿੱਚ ਬਣੀ ਫਿਲਮ 'ਕਪੂਰ ਐਂਡ ਸੰਸ' ਵਿੱਚ ਆਲੀਆ ਨੇ ਸਿਰਫ ਸਿਧਾਰਥ ਦੇ ਲਈ ਕੰਮ ਕੀਤਾ ਸੀ, ਪਰ ਇਸ ਦੇ ਬਾਅਦ ਦੋਵਾਂ ਦੇ ਰਿਸ਼ਤਿਆਂ ਵਿੱਚ ਗਿਰਾਵਟ ਆਉਂਦੀ ਚਲੀ ਗਈ ਅਤੇ ਆਲੀਆ ਦੀ ਜ਼ਿੰਦਗੀ ਵਿੱਚ ਰਣਬੀਰ ਕਪੂਰ ਦੀ ਐਂਟਰੀ ਹੋ ਗਈ।

ਸਿਧਾਰਥ ਦੀ ਜ਼ਿੰਦਗੀ ਇੱਕ ਗੈਪ ਦੇ ਬਾਅਦ ਫਿਰ ਹਰੀ ਭਰੀ ਮੰਨੀ ਜਾ ਰਹੀ ਹੈ ਅਤੇ ਉਸ ਦੇ ਦੋਸਤ ਮੰਨਦੇ ਹਨ ਕਿ ਉਨ੍ਹਾਂ ਨੂੰ ਕੋਈ ਅਜਿਹੀ ਮਿਲ ਗਈ ਹੈ, ਜਿਸ ਨੂੰ ਉਹ ਆਪਣੇ ਦੋਸਤਾਂ ਵਿੱਚ 'ਵੀ ਆਰ ਜਸਟ ਫਰੈਂਡਸ' ਤੋਂ ਅੱਗੇ ਜਾ ਕੇ ਮਿਲਵਾਉਂਦੇ ਹਨ। ਸਿਧਾਰਥ ਦੀ ਇਹ ਨਵੀਂ ਦੋਸਤ ਹੀਰੋਇਨ ਹੈ ਅਤੇ ਇਸੇ ਸਾਲ ਉਸ ਦੇ ਨਾਲ ਕੰਮ ਕਰ ਚੁੱਕੀ ਹੈ। ਸਿਧਾਰਥ ਦੀ ਜ਼ਿੰਦਗੀ ਵਿੱਚ ਹੁਣ ਰਕੁਲਪ੍ਰੀਤ ਦੀ ਐਂਟਰੀ ਮੰਨੀ ਜਾ ਰਹੀ ਹੈ।

## ਇਮਰਾਨ ਇੰਝ ਕਰਨਗੇ 'ਚੀਟਿੰਗ'



ਇਮਰਾਨ ਹਾਸ਼ਮੀ ਨੇ ਆਪਣੇ ਦੌਰ ਵਿੱਚ ਅਜਿਹੀਆਂ ਕਈ ਫਿਲਮਾਂ ਵਿੱਚ ਕੰਮ ਕੀਤਾ ਹੈ, ਜਿਸ ਵਿੱਚ ਪਾਰਟਨਰ ਦੇ ਨਾਲ ਚੀਟ ਕਰਦੇ ਹਨ, ਪਰ ਅੱਜ ਕੱਲ੍ਹ ਉਹ ਬਹੁਤ ਅੱਗੇ ਨਿਕਲ ਗਏ ਹਨ ਤੇ ਇਸ ਵਾਰ ਉਨ੍ਹਾਂ ਦਾ ਇਰਾਦਾ ਇੰਡੀਆ ਨੂੰ ਚੀਟ ਕਰਨ ਦਾ ਹੈ। ਇਮਰਾਨ ਦੀ ਨਵੀਂ ਫਿਲਮ 'ਚੀਟ ਇੰਡੀਆ' ਦਾ ਪਹਿਲਾ ਲੁਕ ਸਾਹਮਣੇ ਆਇਆ ਹੈ। ਪੋਸਟਰ ਦੇਖ ਕੇ ਲੱਗਦਾ ਹੈ ਕਿ ਇਮਰਾਨ ਫਿਲਮ ਵਿੱਚ ਸਕੂਲ ਮਾਸਟਰ ਬਣੇ ਹਨ, ਜਿਨ੍ਹਾਂ ਦੇ ਕਲਾਸ ਰੂਮ ਵਿੱਚ ਇਮਤਿਹਾਨ ਹੋ ਰਹੇ ਹਨ ਅਤੇ ਬੱਚੇ ਨਕਲ ਕਰ ਰਹੇ ਹਨ। ਵਿਅੰਗਾਤਮਕ ਰੂਪ ਵਿੱਚ ਲਿਖਿਆ ਹੈ ਕਿ ਨਕਲ ਵਿੱਚ ਹੀ ਅਕਲ ਹੈ। ਇਮਰਾਨ ਹਾਸ਼ਮੀ ਫਿਲਮ ਨੂੰ ਲੈ ਕੇ ਉਤਸ਼ਾਹ ਹਨ, ਕਿਉਂਕਿ ਪਹਿਲੀ ਵਾਰ ਉਹ ਅਜਿਹਾ ਰੋਲ ਕਰ ਰਹੇ ਹਨ। ਉਨ੍ਹਾਂ ਦੇ ਉਤਸਾਹ ਦੀ ਇੱਕ ਹੋਰ ਵਜ੍ਹਾ ਇਹ ਹੈ ਕਿ ਇਸ ਫਿਲਮ ਵਿੱਚ ਉਹ ਸਹਿ-ਨਿਰਮਾਤਾ ਵੀ ਹਨ।


jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



Action Kitchen & Bath Inc


MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE

ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ



SPECIAL DISCOUNT FOR CONTRACTORS





Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%

Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)



BEST CANADIAN

BEST CANADIAN TRUCK & FORKLIFT TRAINING CENTRE

Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients

**SPECIAL**
Forklift Re-Certification Only $69

Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8



Karnail Singh

# ਓਨਟਾਰੀਓ ਖਾਲਸਾ ਦਰਬਾਰ

ਵੱਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ਜੀ।

**ਕੀਰਤਨ ਕਲਾਸਾਂ**
ਤੰਤੀ ਸਾਜਾਂ ਨਾਲ ਕੀਰਤਨ ਸਿਖਾਉਣ ਲਈ ਨਵੇਂ ਅਧਿਆਪਕ ਰੱਖੇ ਗਏ ਹਨ।
ਸੋਮਵਾਰ ਤੋਂ ਵੀਰਵਾਰ 6:00 ਤੋਂ 8:00 ਵਜੇ ਸ਼ਾਮ
ਸ਼ਨਿਚਰਵਾਰ ਅਤੇ ਐਤਵਾਰ 2:00 ਤੋਂ 4:00 ਵਜੇ

**ਓਨਟਾਰੀਓ ਖਾਲਸਾ ਸਕੂਲ**
ਗੁਰਮਤਿ ਟ੍ਰੇਨਿੰਗ ਕੈਂਪ
9 July to 20 July
905-670-0841

**ਅਖੰਡ ਪਾਠ ਸਾਹਿਬ**
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ : 21 ਨਵੰਬਰ 2018 ਬੁੱਧਵਾਰ ਸਮਾਂ: 9:00
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ : 23 ਨਵੰਬਰ 2018 ਸ਼ੁੱਕਰਵਾਰ ਸਮਾਂ: ਸਵੇਰੇ 10:30

**ਨਿਸ਼ਾਨ ਸਾਹਿਬ ਦੀ ਸੇਵਾ**
22 ਨਵੰਬਰ 2018 ਵੀਰਵਾਰ ਸਮਾਂ: 12pm

**ਅੰਮ੍ਰਿਤ ਸੰਚਾਰ**
25 ਨਵੰਬਰ
11am,Hall5

**ਕਾਰ-ਸੇਵਾ**
1) ਨਵੀਂ ਰਸੋਈ ਘਰ ਦੀ ਸੇਵਾ ਚੱਲ ਰਹੀ ਹੈ
2) ਈਸਟ ਹਾਲ ਨੂੰ ਵੱਡਾ ਕਰਨ ਦੀ ਸੇਵਾ ਚਲ ਰਹੀ ਹੈ।
3) ਸੱਚ ਖੰਡ ਸਾਹਿਬ ਦੀ ਕਾਰ ਸੇਵਾ ਜਲਦ ਸ਼ੁਰੂ ਹੋ ਰਹੀ ਹੈ।

Live Broadcast of Sri Akhand Path
ਪੰਜਾਬ TV
SP ਸਾਂਝਾ ਪੰਜਾਬ
PTC PUNJABI

ਪੰਥ ਦੇ ਮਹਾਨ ਕੀਰਤਨੀ ਜੱਥੇ, ਵਰਿੰਦਰ ਸਿੰਘ ਵਾਰਸ ਜੀ ਦਾ ਢਾਡੀ ਜੱਥਾ ਅਤੇ ਗੁਲਜਾਰ ਸਿੰਘ ਜੀ ਕਥਾ ਵਾਚਕ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਨਗੇ
ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਵਿਖੇ 905-670-3311 ਤੇ ਸੰਪਰਕ ਕਰ ਸਕਦੇ ਹੋ। ਵੱਲੋਂ ਸਮੂਹ ਸੇਵਾਦਾਰ ਕਮੇਟੀ ਅਤੇ ਸੰਗਤ



# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਮੂੰਹੋ ਬੋਲਦੀ ਦੀ Kitchen and Washroom ਬਣਵਾਓ

# Pearson
## Kitchen & Cabinet

Free Estimate
We Specialize in granite, quartz & marble countertops





**We Specialize In:** 100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr



SimConnect FREIGHT MANAGEMENT

# HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

*Owner Operator up to 1.65 Per miles*

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3



www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*
*Some Conditions Apply

Top 1% Broker Ranked In*
Call For a Quick & Free Home Evaluation
www.BramptonQuickHomeEvaluation.com
(**2016,2015,2014,2013 2012,2011,2010) **(2009,2008) **(RE/MAX International) **(2010) **(2014)
** Based on Commissions earned


Urgently Need New Listing in Brampton/GTA Call Jag Today To Sell Your Property For Top $$$ & Accurate Price



BRAMPTON $689,905
ਚਿੰਗਕੂਜ਼ੀ/ਵੀਲੀਅਮ ਪਾਕ੍ਰਵੇ
ਬਹੁਤ ਹੀ ਸੋਹਣਾ 4+1 ਬੈਡਰੂਮ ਐਂਡ 4 ਵਾਸ਼ਰੂਮ ਘਰ , ਨਵਾਂ ਪੇਂਟ, ਲੇਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।



BRAMPTON $934,905
ਏਅਰਪੋਰਟ/ਬ੍ਰੇਡਨ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 5 ਵਾਸ਼ਰੂਮ ਡਿਟੈਚ ਡਬਲ ਸਟੋਰੀ ਘਰ, ਫਿਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, 9 ਫੁੱਟ ਸਿਲਿੰਗ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਮਾਸਟਰ ਬੈਡਰੂਮ 6 ਪੀਸ ਈਨਸੂਟ੍, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।



BRAMPTON $1,069,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਂਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੁਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ



BRAMPTON $787,905
ਏਅਰਪ੍ਰੋਟ ਰੋਡ/ ਕੈਸਲਮੋਰ
ਬਹੁਤ ਸੋਹਣਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਡਿਟੈਚਡ ਘਰ, 25 ਪੋਟ ਲਾਇਟਸ, ਓਪਨ ਕਾਂਸੈਪਟ, ਹਾਰਡਵੂਡ ਫਲੋਰ, ਅਪਗ੍ਰੇਡਡ ਕਿਚਨ, 4 ਕਾਰਾਂ ਦੀ ਪਾਕ੍ਰਿੰਗ, ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।




FOR LEASE
BRAMPTON $879,905
ਕੈਸਲਮੋਰ/ਹਾਇਵੇ 50
ਬਹੁਤ ਸੋਹਣਾ ਅਤੇ ਸਾਫ ਸੁਥਰਾ 1 ਬੈਡਰੂਮ ਐਂਡ 1 ਵਾਸ਼ਰੂਮ ਦਾ ਸੈਮੀ ਡਿਟੈਚ ਘਰ, 1 ਬੈਡਰੂਮ ਫੀਨਿਸ਼ਡ ਬੈਸਮੈਂਟ, ਸਿਰੇਮਿਕ ਫਲੋਰ, ਮਿਨੀਮਮ ਇੱਕ ਸਾਲ ਦੀ ਲਿਜ਼, 1st and last Month ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



BRAMPTON $1,469,905
ਗੋਰਵੇ/ਕੰਟਰੀਸਾਇਡ
ਬਹੁਤ ਹੀ ਸੋਹਣਾ 4 ਬੈਡਰੂਮ ਐਂਡ 5 ਵਾਸ਼ਰੂਮ ਵਾਸ਼ਰੂਮ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।



BRAMPTON $1,674,000
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਘਰ+3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।



BRAMPTON $839,905
ਵੀਲਿਅਮਜ਼ ਪਾਕ੍ਰਵੇ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਂਡ 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੁਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

IFS
INTERSTATE FREIGHT SYSTEMS INC.
A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Also Hiring Owner Operators for local work

Please Send Resume at: jgill@interstatefreightsystem.com
Call: 416-452-0677, 647-448-3500 (Monday to Friday | 10am to 5pm)



Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779
RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com




LIGHT SPEED Logistics Inc.
"Always There For You"
Web: www.lslinc.com
Email: safedrivers@lslinc.com

NOW HIRING

Owner Operators:
- US Team (ON to Midwest) (Loaded/Empty) $1.80*
- US Team (Open Board) $1.73*
- US Single (ON to Midwest) $1.70*
- US Single (Open Board) $1.63*
- Canadian Team $1.66*
- Canadian Singles (AB to BC) $1.91*
- Canadian Singles (Open Board) $1.56*
- Hourly Waiting Pay
- Paid Meat Inspection

*Rates are based on the current fuel surcharge.

Company Drivers (Up to):
- US Single (ON to Midwest) $0.62
- US Single (Open Board) $0.54
- US Team $0.66
- Canadian Team $0.62
- Canadian Singles (AB to BC) $0.59
- Canadian Singles (Open Board) $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8